PAIGAM-E-JAGAT

ਪੈ.ਗਾਮ-ਏ-ਜਗਤ

Title code : CHAMUL00914 | E-mail : Info@paigamejagat.com | 26 ਨਵੰਬਰ ਤੋਂ 2 ਦਸੰਬਰ, 2026, ਸਾਲ-4, ਅੰਕ-17, ਚੰਡੀਗੜ੍ਹ, ਮੁੱਖ ਸੰਪਾਦਕ : ਦਵਿੰਦਰ ਕੁਮਾਰ, ਸੰਪਰਕ-9878862733, 9872340701

ਉਡੀਕ ਕਰਨ ਵਾਲਿਆਂ ਨੂੰ ਉਹੀ ਮਿਲਦਾ ਹੈ ਜੋ ਕੋਸ਼ਿਸ਼ ਕਰਨ ਵਾਲੇ ਹਾਰ ਮੰਨ ਲੈਂਦੇ ਹਨ।
-ਡਾ. ਏ.ਪੀ.ਜੇ. ਅਬਦੁਲ ਕਲਾ

ਪੰਜਾਬ ਸਰਕਾਰ ਵੱਲੋਂ ਪੁਲਿਸ ਵਿਭਾਗ 'ਚ ਤਬਾਦਲੇ

ਜਲੰਧਰ, ਲੁਧਿਆਣਾ ਤੇ ਅੰਮ੍ਰਿਤਸਰ ਨੂੰ ਮਿਲੇ ਨਵੇਂ ਪੁਲਿਸ ਕਮਿਸ਼ਨਰ

ਚੰਡੀਗੜ੍ਹ, 25 ਨਵੰਬਰ
(ਪੈ.ਗਾਮ-ਏ-ਜਗਤ)

ਪੰਜਾਬ ਸਰਕਾਰ ਵੱਲੋਂ ਪੁਲੀਸ ਪ੍ਰਸ਼ਾਸਨ ਵਿੱਚ ਵੱਡਾ ਫੇਰਬਦਲ ਕਰਦਿਆਂ 31 ਆਈਪੀਐੱਸ ਅਤੇ ਪੀਪੀਐੱਸ ਅਧਿਕਾਰੀਆਂ ਦੇ ਤਬਾਦਲੇ ਅਤੇ ਨਵੀਆਂ ਨਿਯੁਕਤੀਆਂ ਦੇ ਹੁਕਮ ਜਾਰੀ ਕੀਤੇ ਗਏ ਹਨ। ਗ੍ਰਹਿ ਵਿਭਾਗ ਵੱਲੋਂ 25 ਨਵੰਬਰ ਨੂੰ ਜਾਰੀ ਕੀਤੇ ਗਏ ਇਹ ਹੁਕਮ ਤੁਰੰਤ ਪ੍ਰਭਾਵ ਨਾਲ ਲਾਗੂ ਹੋਣਗੇ। ਸਾਰੇ ਸਬੰਧਤ ਅਧਿਕਾਰੀਆਂ ਨੂੰ ਬਿਨਾਂ ਦੇਰੀ ਕੀਤੇ ਆਪਣੇ ਨਵੇਂ ਅਹੁਦਿਆਂ ਦਾ ਕਾਰਜਭਾਰ ਸੰਭਾਲਣ ਦੇ ਨਿਰਦੇਸ਼ ਦਿੱਤੇ ਗਏ ਹਨ।

ਜਾਰੀ ਕੀਤੀ ਗਈ ਤਬਾਦਲਾ ਸੂਚੀ ਅਨੁਸਾਰ ਪੰਜਾਬ ਦੇ ਤਿੰਨ ਪ੍ਰਮੁੱਖ ਸ਼ਹਿਰਾਂ ਜਲੰਧਰ, ਲੁਧਿਆਣਾ ਅਤੇ ਅੰਮ੍ਰਿਤਸਰ ਵਿੱਚ ਨਵੇਂ ਪੁਲਿਸ ਕਮਿਸ਼ਨਰ ਤਾਇਨਾਤ ਕੀਤੇ ਗਏ ਹਨ। ਗੁਰਪ੍ਰੀਤ ਸਿੰਘ ਭੁੱਲਰ ਨੂੰ ਜਲੰਧਰ ਦਾ ਪੁਲੀਸ ਕਮਿਸ਼ਨਰ, ਸਤਿੰਦਰ ਸਿੰਘ ਨੂੰ ਲੁਧਿਆਣਾ ਦਾ ਪੁਲੀਸ ਕਮਿਸ਼ਨਰ ਅਤੇ ਕੁਲਦੀਪ ਸਿੰਘ ਨੂੰ ਅੰਮ੍ਰਿਤਸਰ ਦਾ ਪੁਲੀਸ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਪੁਲੀਸ ਰੇਂਜਾਂ ਵਿੱਚ ਵੀ ਕਈ ਅਹਿਮ ਤਬਦੀਲੀਆਂ ਕੀਤੀਆਂ ਗਈਆਂ ਹਨ। ਹਰਮਨਬੀਰ ਸਿੰਘ ਨੂੰ ਬਾਰਡਰ ਰੇਂਜ ਅੰਮ੍ਰਿਤਸਰ ਦਾ ਡੀਆਈਜੀ ਅਤੇ ਸਵਪਨ ਸ਼ਰਮਾ ਨੂੰ ਰੋਪੜ ਰੇਂਜ ਦਾ ਡੀਆਈਜੀ ਲਗਾਇਆ ਗਿਆ ਹੈ। ਜਗਦਾਲੇ ਨੀਲਾਂਬਰੀ ਵਿਜੇ ਨੂੰ ਜਲੰਧਰ ਰੇਂਜ ਦੀ ਆਈਜੀਪੀ ਅਤੇ ਨਵੀਨ ਸਿੰਗਲਾ ਨੂੰ ਫਰੀਦਕੋਟ ਰੇਂਜ ਦਾ ਡੀਆਈਜੀ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਹਰਜੀਤ ਸਿੰਘ ਨੂੰ ਬਠਿੰਡਾ ਰੇਂਜ, ਸਨੇਹਦੀਪ ਸ਼ਰਮਾ ਨੂੰ ਫਿਰੋਜ਼ਪੁਰ ਰੇਂਜ ਅਤੇ ਅਮਨੀਤ ਕੌਂਡਲ ਨੂੰ ਪਟਿਆਲਾ ਰੇਂਜ ਦਾ ਡੀਆਈਜੀ ਬਣਾਇਆ ਗਿਆ ਹੈ। ਡਾ. ਨਾਨਕ ਸਿੰਘ ਨੂੰ ਟੈਕਨੀਕਲ ਸਰਵਿਸਿਜ਼ ਚੰਡੀਗੜ੍ਹ ਅਤੇ ਗੁਰਮੀਤ ਸਿੰਘ ਚੌਹਾਨ ਨੂੰ ਪ੍ਰੋਵੀਜ਼ਨਿੰਗ ਚੰਡੀਗੜ੍ਹ ਵਿੱਚ ਡੀਆਈਜੀ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਪੁਲੀਸ ਵਿਭਾਗ ਵਿੱਚ ਹੋਏ ਇਸ ਵੱਡੇ ਫੇਰਬਦਲ ਦੌਰਾਨ ਕਈ ਜ਼ਿਲ੍ਹਿਆਂ ਦੇ ਸੀਨੀਅਰ ਪੁਲੀਸ ਕਪਤਾਨਾਂ ਦੀਆਂ ਨਿਯੁਕਤੀਆਂ ਵਿੱਚ ਵੀ ਤਬਦੀਲੀ ਕੀਤੀ ਗਈ ਹੈ। ਨਵੇਂ ਹੁਕਮਾਂ ਮੁਤਾਬਕ ਸੁਰਿੰਦਰ ਲਾਂਬਾ ਨੂੰ ਸੰਗਰੂਰ, ਚਰਨਜੀਤ ਸਿੰਘ ਨੂੰ ਲੁਧਿਆਣਾ ਦਿਹਾਤੀ, ਰਵਜੋਤ ਗਰੇਵਾਲ ਨੂੰ

(ਬਾਕੀ ਸਫ਼ਾ 2 'ਤੇ)


ਗੁਰਪ੍ਰੀਤ ਸਿੰਘ ਭੁੱਲਰ


ਸਤਿੰਦਰ ਸਿੰਘ


ਕੁਲਦੀਪ ਸਿੰਘ ਚਾਹਲ

ਭਾਰਤ-ਪਾਕਿ ਕ੍ਰਿਕਟ ਸਬੰਧਾਂ ਦੀ ਬਹਾਲੀ ਸਰਕਾਰ ਦੇ ਹੱਥ : ਨਵਜੋਤ ਸਿੱਧੂ

ਦੁਬਈ, 25 ਨਵੰਬਰ
(ਪੈ.ਗਾਮ-ਏ-ਜਗਤ)

ਭਾਰਤ ਦੇ ਸਾਬਕਾ ਬੱਲੇਬਾਜ਼ ਨਵਜੋਤ ਸਿੰਘ ਸਿੱਧੂ ਨੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਰੁਕੇ ਹੋਏ ਕ੍ਰਿਕਟ ਸਬੰਧਾਂ ਨੂੰ ਮੁੜ ਬਹਾਲ ਕਰਨ ਬਾਰੇ ਪੁੱਛੇ ਗਏ ਸਵਾਲਾਂ ਤੋਂ ਕਿਨਾਰਾ ਕਰਦਿਆਂ ਕਿਹਾ ਕਿ ਇਹ ਪੂਰਾ ਮਾਮਲਾ ਇੱਕ ਸਿਆਸੀ ਮੁੱਦਾ ਹੈ, ਜਿਸ ਬਾਰੇ ਫ਼ੈਸਲਾ ਸਿਰਫ਼ ਸਰਕਾਰ ਹੀ ਲੈ ਸਕਦੀ ਹੈ।



ਭਾਰਤ ਅਤੇ ਪਾਕਿਸਤਾਨ ਨੇ 2012-13 ਤੋਂ ਬਾਅਦ ਕੋਈ ਵੀ ਦੁਵੱਲੀ ਲੜੀ ਨਹੀਂ ਖੇਡੀ ਹੈ, ਹਾਲਾਂਕਿ ਦੋਵਾਂ ਦੇਸ਼ਾਂ ਦੀਆਂ ਵੱਖ-ਵੱਖ ਉਮਰ ਵਰਗ ਅਤੇ ਮਹਿਲਾ-ਪੁਰਸ਼ ਟੀਮਾਂ ਆਈ ਸੀ ਸੀ (933) ਅਤੇ ਏਸ਼ੀਅਨ ਕ੍ਰਿਕਟ ਕੌਂਸਲ ਵੱਲੋਂ ਕਰਵਾਏ ਜਾਂਦੇ ਬਹੁ-ਕੌਮੀ ਟੂਰਨਾਮੈਂਟਾਂ ਵਿੱਚ ਨਿਰਪੱਖ ਥਾਵਾਂ 'ਤੇ ਨਿਯਮਿਤ ਤੌਰ 'ਤੇ ਇੱਕ-ਦੂਜੇ ਵਿਰੁੱਧ ਖੇਡਦੀਆਂ ਹਨ। ਪਿਛਲੇ ਸਾਲ ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਫ਼ੌਜੀ ਟਕਰਾਅ ਵੀ ਹੋਇਆ ਸੀ, ਜਿਸ ਤੋਂ ਬਾਅਦ ਭਾਰਤ ਸਰਕਾਰ ਨੇ ਇੱਕ ਖੇਡ ਨੀਤੀ ਲਿਆਉਂਦਿਆਂ ਵਿਰੋਧੀ ਦੇਸ਼ ਨਾਲ ਦੁਵੱਲੇ ਖੇਡ ਸਬੰਧਾਂ 'ਤੇ ਪਾਬੰਦੀ ਲਗਾ ਦਿੱਤੀ ਸੀ।

ਇੱਥੇ 'ਡੀ ਪੀ ਵਰਲਡ ਆਈ ਐੱਲ ਟੀ.20' ਲੀਗ ਵਿੱਚ ਕੁਮੈਂਟਰੀ ਕਰ ਰਹੇ ਵਿਰੋਧੀ ਧਿਰ ਕਾਂਗਰਸ ਪਾਰਟੀ ਦੇ ਆਗੂ ਨਵਜੋਤ ਸਿੱਧੂ ਨੇ ਪੱਤਰਕਾਰਾਂ ਨੂੰ ਕਿਹਾ, ÷ਸਿਆਸੀ ਮਾਮਲੇ ਸਿਆਸੀ ਹੀ ਹੁੰਦੇ ਹਨ। ਮੈਂ ਇਹੀ ਕਹਾਂਗਾ ਕਿ ਜੋ ਵੀ ਸਿਆਸੀ ਫ਼ੈਸਲਾ ਲੈਣਾ ਹੈ, ਉਹ ਸਰਕਾਰ ਵੱਲੋਂ ਲਿਆ ਜਾਵੇਗਾ। ਸਰਕਾਰ ਲੋਕਾਂ ਵੱਲੋਂ ਚੁਣੀ ਗਈ ਹੈ ਅਤੇ ਉਸ ਕੋਲ ਅਧਿਕਾਰ ਹਨ, ਉਹ ਜੋ ਵੀ ਫ਼ੈਸਲੇ

(ਬਾਕੀ ਸਫ਼ਾ 2 'ਤੇ)

ਪੰਜਾਬ ਦੇ ਕਿਸਾਨਾਂ ਲਈ ਵੱਡਾ ਤੋਹਫ਼ਾ

ਸਰਕਾਰ ਨੇ ਗੰਨੇ ਦਾ ਭਾਅ ਵਧਾ ਕੇ ਕੀਤਾ 431 ਰੁਪਏ ਪ੍ਰਤੀ ਕੁਇੰਟਲ



ਚੰਡੀਗੜ੍ਹ, 25 ਨਵੰਬਰ
(ਪੈ.ਗਾਮ-ਏ-ਜਗਤ)

ਪੰਜਾਬ ਦੇ ਗੰਨਾ ਕਾਸ਼ਤਕਾਰਾਂ ਲਈ ਪੰਜਾਬ ਸਰਕਾਰ ਵੱਲੋਂ 2026-27 ਦੇ ਪਿੜਾਈ ਸੀਜ਼ਨ ਲਈ ਗੰਨੇ ਦੇ ਭਾਅ ਵਿੱਚ ਵਾਧਾ ਕਰਦਿਆਂ ਇਸ ਨੂੰ 431 ਰੁਪਏ ਪ੍ਰਤੀ ਕੁਇੰਟਲ ਕਰਨ ਦਾ ਐਲਾਨ ਕੀਤਾ ਗਿਆ ਹੈ। ਸਰਕਾਰ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਗੰਨੇ ਦਾ ਇਹ ਨਵਾਂ ਭਾਅ ਪੂਰੇ ਦੇਸ਼ ਵਿੱਚੋਂ ਸਭ ਤੋਂ ਵੱਧ ਹੈ, ਜਿਸ ਨਾਲ ਸੂਬੇ ਦੇ ਲੱਖਾਂ ਗੰਨਾ ਕਿਸਾਨਾਂ ਨੂੰ ਸਿੱਧਾ ਆਰਥਿਕ ਲਾਭ ਮਿਲੇਗਾ। ਗੰਨਾ ਉਤਪਾਦਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਅਤੇ ਫ਼ਸਲ ਦੀ ਸਮੇਂ ਸਿਰ ਪਿੜਾਈ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਪੰਜਾਬ ਦੀਆਂ ਖੰਡ ਮਿੱਲਾਂ 25 ਨਵੰਬਰ, 2026 ਤੋਂ ਆਪਣਾ ਕੰਮਕਾਜ ਸ਼ੁਰੂ ਕਰ ਦੇਣਗੀਆਂ। ਮਿੱਲਾਂ ਦੇ ਸਮੇਂ ਸਿਰ ਚੱਲਣ ਨਾਲ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ਵਿੱਚ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਹੀਂ ਕਰਨਾ ਪਵੇਗਾ ਅਤੇ ਉਹ ਅਗਲੀ ਫ਼ਸਲ ਦੀ ਬਿਜਾਈ ਵੀ ਸਮੇਂ ਸਿਰ ਕਰ ਸਕਣਗੇ। ਇਸ ਅਹਿਮ ਫ਼ੈਸਲੇ ਦਾ ਐਲਾਨ ਕਰਦਿਆਂ ਸਰਕਾਰ ਵੱਲੋਂ ਦੁਹਰਾਇਆ ਗਿਆ ਕਿ ਸੂਬਾ ਸਰਕਾਰ ਹਮੇਸ਼ਾ

(ਬਾਕੀ ਸਫ਼ਾ 2 'ਤੇ)

ਭਗਵੰਤ ਮਾਨ ਨੇ ਚੰਡੀਗੜ੍ਹ ਵਿਖੇ ਆਈਪੀਐਸ ਪ੍ਰੋਬੇਸ਼ਨਰ ਅਧਿਕਾਰੀਆਂ ਨਾਲ ਕੀਤੀ ਮੁਲਾਕਾਤ



ਚੰਡੀਗੜ੍ਹ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਚੰਡੀਗੜ੍ਹ ਵਿਖੇ ਸੂਬੇ ਦੇ ਨਵ-ਨਿਯੁਕਤ ਆਈ.ਪੀ.ਐੱਸ. ਪ੍ਰੋਬੇਸ਼ਨਰ ਅਧਿਕਾਰੀਆਂ ਨਾਲ ਇੱਕ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਅਹਿਮ ਬੈਠਕ ਦੌਰਾਨ ਮੁੱਖ ਮੰਤਰੀ ਨੇ ਨੌਜਵਾਨ ਪੁਲਿਸ ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਪੂਰੀ ਲਗਨ ਅਤੇ ਸਮਰਪਣ ਭਾਵਨਾ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਮੁਲਾਕਾਤ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਅਧਿਕਾਰੀਆਂ ਨੂੰ ਸੂਬੇ ਦੀ ਅਮਨ-ਸ਼ਾਂਤੀ, ਭਾਈਚਾਰਕ ਸਾਂਝ ਅਤੇ ਕਾਨੂੰਨ ਵਿਵਸਥਾ ਨੂੰ ਹਰ ਹਾਲਤ ਵਿੱਚ ਬਰਕਰਾਰ ਰੱਖਣ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ

(ਬਾਕੀ ਸਫ਼ਾ 2 'ਤੇ)

ਸੰਜੀਵ ਅਰੋੜਾ ਦੇ ਪਰਿਵਾਰ ਨਾਲ ਕੇਜਰੀਵਾਲ ਤੇ ਭਗਵੰਤ ਮਾਨ ਨੇ ਕੀਤੀ ਮੁਲਾਕਾਤ



ਲੁਧਿਆਣਾ, 25 ਨਵੰਬਰ
(ਪੈ.ਗਾਮ-ਏ-ਜਗਤ)

ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅੱਜ ਲੁਧਿਆਣਾ ਵਿੱਚ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਪਰਿਵਾਰ ਨਾਲ ਮੁਲਾਕਾਤ ਕਰਨ ਲਈ ਉਨ੍ਹਾਂ ਦੀ ਰਿਹਾਇਸ਼ 'ਤੇ ਪੁੱਜੇ। ਸੰਜੀਵ ਅਰੋੜਾ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਦਰਜ ਮਨੀ ਲਾਂਡਰਿੰਗ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਹੋਣ ਮਗਰੋਂ ਜੇਲ੍ਹ ਵਿੱਚ ਨਜ਼ਰਬੰਦ ਹਨ। ਦੋਵਾਂ ਆਗੂਆਂ ਦੀ ਇਸ ਫੇਰੀ ਨੂੰ ਅਰੋੜਾ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਪਾਰਟੀ ਲੀਡਰਸ਼ਿਪ ਦੀ ਇਕਜੁੱਟਤਾ ਦੇ ਪ੍ਰਗਟਾਵੇ ਵਜੋਂ ਦੇਖਿਆ ਜਾ ਰਿਹਾ ਹੈ। ਸੰਜੀਵ ਅਰੋੜਾ ਦੀ ਗ਼ੈਰਮੌਜੂਦਗੀ ਵਿੱਚ ਉਨ੍ਹਾਂ ਦੇ ਪਰਿਵਾਰਕ ਮੈਂਬਰ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਵਿੱਚ ਪਾਰਟੀ ਦੀਆਂ ਸਰਗਰਮੀਆਂ ਅਤੇ ਚੋਣ ਤਿਆਰੀਆਂ ਸੰਭਾਲ ਰਹੇ ਹਨ। ਕੇਜਰੀਵਾਲ ਅਤੇ ਭਗਵੰਤ ਮਾਨ ਦੀ ਮੁਲਾਕਾਤ ਦੌਰਾਨ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਅਰੋੜਾ ਦੀ ਟੀਮ ਦੇ ਆਗੂਆਂ ਨਾਲ ਵੀ ਗੱਲਬਾਤ ਹੋਣ ਦੀ ਸੰਭਾਵਨਾ ਹੈ। ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਨੇ ਆਗਾਮੀ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਆਪਣੀ ਪਹਿਲੀ ਉਮੀਦਵਾਰ ਸੂਚੀ ਵਿੱਚ

(ਬਾਕੀ ਸਫ਼ਾ 2 'ਤੇ)

ਅਕਾਲੀ ਦਲ, ਭਾਜਪਾ ਅਤੇ ਆਮ ਆਦਮੀ ਪਾਰਟੀ ਨੂੰ ਵੱਡਾ ਸਿਆਸੀ ਝਟਕਾ

ਕਈ ਵੱਡੇ ਆਗੂ ਕਾਂਗਰਸ ਵਿੱਚ ਸ਼ਾਮਲ

ਪੰਜਾਬ ਨੂੰ ਚਾਪਲੂਸਾਂ ਦੀ ਨਹੀਂ, ਸਗੋਂ ਇਮਾਨਦਾਰ ਅਤੇ ਲੋਕ-ਹਿਤੈਸ਼ੀ ਆਗੂਆਂ ਦੀ ਲੋੜ: ਸਰਦਾਰ ਪਰਗਟ ਸਿੰਘ

ਚੰਡੀਗੜ੍ਹ, 25 ਨਵੰਬਰ
(ਪੈ.ਗਾਮ-ਏ-ਜਗਤ)

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸਰਦਾਰ ਪਰਗਟ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ, ਸੀਪੀਆਈ ਅਤੇ ਹੋਰ ਸਿਆਸੀ ਤੇ ਸਮਾਜਿਕ ਜਥੇਬੰਦੀਆਂ ਨਾਲ ਸਬੰਧਤ ਆਗੂਆਂ ਨੂੰ ਕਾਂਗਰਸ ਵਿੱਚ ਸ਼ਾਮਲ ਕਰਵਾ ਕੇ ਅਕਾਲੀ ਦਲ ਅਤੇ ਹੋਰ ਸਿਆਸੀ ਪਾਰਟੀਆਂ ਨੂੰ ਵੱਡਾ ਝਟਕਾ ਦਿੱਤਾ। ਚੰਡੀਗੜ੍ਹ ਸਥਿਤ ਕਾਂਗਰਸ ਭਵਨ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਸਾਰੇ ਨਵੇਂ ਆਗੂਆਂ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਨੂੰ ਚਾਪਲੂਸਾਂ ਦੀ ਨਹੀਂ, ਸਗੋਂ ਇਮਾਨਦਾਰ ਸੋਚ ਅਤੇ ਲੋਕ-ਹਿੱਤਾਂ ਲਈ ਸਮਰਪਿਤ ਆਗੂਆਂ ਦੀ ਲੋੜ ਹੈ। ਇਸ ਮੌਕੇ ਸਾਬਕਾ ਮੁੱਖ ਮੰਤਰੀ ਅਤੇ ਕੈਂਪੇਨ ਕਮੇਟੀ ਦੇ ਚੇਅਰਮੈਨ ਸਰਦਾਰ ਚਰਨਜੀਤ ਸਿੰਘ ਚੰਨੀ ਅਤੇ ਮੈਨੀਫੈਸਟੋ ਕਮੇਟੀ ਦੇ ਚੇਅਰਮੈਨ ਤੇ ਸੰਸਦ ਮੈਂਬਰ ਡਾ.



ਅਮਰ ਸਿੰਘ ਵੀ ਮੌਜੂਦ ਸਨ।

ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਜਾਬ ਕਾਂਗਰਸ ਪ੍ਰਧਾਨ ਸਰਦਾਰ ਪਰਗਟ ਸਿੰਘ ਨੇ ਕਿਹਾ ਕਿ ਅੱਜ ਪੰਜਾਬ ਵਿੱਚ ਬਦਲਾਅ ਦੀ ਲਹਿਰ ਚੱਲ ਰਹੀ ਹੈ ਅਤੇ ਲੋਕ ਸਿਆਸੀ ਤੌਰ 'ਤੇ ਜਾਗਰੂਕ ਹੋ ਚੁੱਕੇ ਹਨ। ਇਸੇ ਦਾ ਨਤੀਜਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵਿੱਚ ਸੁਖਬੀਰ ਸਿੰਘ ਬਾਦਲ ਦੇ ਸਾਬਕਾ ਸਿਆਸੀ ਸਲਾਹਕਾਰ ਸਰਦਾਰ ਪਰਮਜੀਤ ਸਿੰਘ ਸਿੱਧਵਾਂ, ਆਮ ਆਦਮੀ ਪਾਰਟੀ ਤੋਂ ਬੀਬੀ ਰੂਪ ਕੌਰ ਆਪਣੇ ਪਰਿਵਾਰ ਸਮੇਤ, ਫਰੀਦਕੋਟ ਤੋਂ ਸੀਪੀਆਈ ਦੇ ਅਗਾਂਹਵਧੂ ਨੌਜਵਾਨ ਆਗੂ ਪਵਨਪ੍ਰੀਤ ਸਿੰਘ, ਅਮਰੀਕਾ ਦੀ ਨਾਗਰਿਕਤਾ ਛੱਡ ਕੇ ਪੰਜਾਬ ਦੀ ਸੇਵਾ ਲਈ ਵਾਪਸ ਪਰਤੇ ਸਾਬਕਾ ਵਿਧਾਇਕ ਸਰਦਾਰ ਕ੍ਰਿਪਾਲ ਸਿੰਘ ਦੇ ਪੁੱਤਰ ਸਰਦਾਰ ਕੋਰਵਵੀਰ ਸਿੰਘ ਰੰਧਾਵਾ ਕਾਥੂਨੰਗਲ ਅਤੇ ਭਾਜਪਾ ਨਾਲ ਸਬੰਧਤ ਰਾਜਪੂਤ ਭਾਈਚਾਰੇ ਦੇ ਆਗੂ ਕੈਪਟਨ ਆਰ.ਐੱਸ. ਪਠਾਨੀਆ ਨੇ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਆਗੂਆਂ ਦੇ ਸ਼ਾਮਲ ਹੋਣ ਨਾਲ ਕਾਂਗਰਸ ਨੂੰ ਹੋਰ ਸਿਆਸੀ ਮਜ਼ਬੂਤੀ ਮਿਲੇਗੀ।

ਅਕਾਲੀ ਦਲ ਅਤੇ ਭਾਜਪਾ ਦੀ ਤੁਲਨਾ ਈਸਟ ਇੰਡੀਆ ਕੰਪਨੀ ਦੇ ਲੁਟੇਰਿਆਂ ਨਾਲ ਕਰਦਿਆਂ ਸਰਦਾਰ ਪਰਗਟ ਸਿੰਘ ਨੇ ਦੋਸ਼ ਲਾਇਆ ਕਿ ਦੋਵੇਂ ਪਾਰਟੀਆਂ ਮਿਲ ਕੇ ਪੰਜਾਬ ਦੇ ਸਰੋਤਾਂ ਅਤੇ ਹੱਕਾਂ 'ਤੇ ਕਬਜ਼ਾ ਕਰਨ ਦੀ ਫਿਰਾਕ ਵਿੱਚ ਹਨ। ਆਮ ਆਦਮੀ ਪਾਰਟੀ ਭਾਜਪਾ ਦੀ 'ਬੀ-ਟੀਮ' ਬਣ ਕੇ ਇਨ੍ਹਾਂ ਦਾ ਸਾਥ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਦੇ ਨਵੇਂ ਗੱਠਜੋੜ ਵਿੱਚ ਨਾ ਤਾਂ ਪੰਜਾਬ ਦੇ ਪਾਣੀਆਂ ਦੇ ਹੱਕਾਂ ਦੀ ਕੋਈ ਗੱਲ ਹੈ ਅਤੇ ਨਾ ਹੀ ਚੰਡੀਗੜ੍ਹ 'ਤੇ ਪੰਜਾਬ ਦੇ ਦਾਅਵੇ ਦਾ ਕੋਈ ਜ਼ਿਕਰ ਹੈ। ਸੁਖਬੀਰ ਬਾਦਲ 'ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਸਵਾਲ ਕੀਤਾ ਕਿ ਜਿਹੜੇ ਆਗੂ ਪਹਿਲਾਂ ਭਾਜਪਾ ਵਿੱਚ ਜਾਣ ਵਾਲਿਆਂ ਦੇ ਡੀਐੱਨਏ 'ਤੇ ਸਵਾਲ ਉਠਾਉਂਦੇ ਸਨ, ਕੀ ਹੁਣ ਸੁਖਬੀਰ ਬਾਦਲ ਖੁਦ ਆਪਣਾ ਡੀਐੱਨਏ ਟੈਸਟ ਕਰਵਾਉਣਗੇ? ਉਨ੍ਹਾਂ ਦਾਅਵਾ

(ਬਾਕੀ ਸਫ਼ਾ 2 'ਤੇ)

ਅੰਮ੍ਰਿਤਸਰ ਵਿੱਚ 9 ਪਿਸਤੌਲਾਂ, 1.3 ਕਿਲੋ ਹੈਰੋਇਨ ਅਤੇ 60 ਹਜ਼ਾਰ ਰੁਪਏ ਡਰੱਗ ਮਨੀ ਸਮੇਤ ਸੱਤ ਗ੍ਰਿਫ਼ਤਾਰ

ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ: ਹਰਮਨਬੀਰ ਗਿੱਲ

ਚੰਡੀਗੜ੍ਹ/ਅੰਮ੍ਰਿਤਸਰ, 25 ਨਵੰਬਰ (ਪੈ.ਗਾਮ-ਏ-ਜਗਤ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ, ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ 9 ਗੈਰ-ਕਾਨੂੰਨੀ ਪਿਸਤੌਲਾਂ, 1.313 ਕਿਲੋਗ੍ਰਾਮ ਹੈਰੋਇਨ ਅਤੇ 60,000 ਰੁਪਏ ਡਰੱਗ ਮਨੀ ਸਮੇਤ ਸੱਤ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਚਾਰ ਵੱਖ-ਵੱਖ ਗੈਰ-ਕਾਨੂੰਨੀ ਹਥਿਆ

ਸੰਪਾਦਕ ਦੀ ਕਲਮ ਤੋਂ

ਉਦਯੋਗਿਕ ਵਿਕਾਸ ਅਤੇ ਲੋਕਾਂ ਦੀ ਸਿਹਤ, ਦੋਵਾਂ ਵਿਚਕਾਰ ਸੰਤੁਲਨ ਦੀ ਲੋੜ



ਕਿਸੇ ਵੀ ਖੇਤਰ ਦੇ ਆਰਥਿਕ ਵਿਕਾਸ ਵਿੱਚ ਉਦਯੋਗਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਉਦਯੋਗਾਂ ਰਾਹੀਂ ਰੁਜ਼ਗਾਰ ਦੇ ਮੌਕੇ ਪੈਦਾ ਹੁੰਦੇ ਹਨ, ਸਥਾਨਕ ਕਾਰੋਬਾਰਾਂ ਨੂੰ ਹੁਲਾਰਾ ਮਿਲਦਾ ਹੈ ਅਤੇ ਸਰਕਾਰ ਨੂੰ ਆਮਦਨ ਪ੍ਰਾਪਤ ਹੁੰਦੀ ਹੈ। ਪੇਂਡੂ ਖੇਤਰਾਂ ਵਿੱਚ ਉਦਯੋਗਿਕ ਇਕਾਈਆਂ ਦੀ ਸਥਾਪਨਾ ਨਾਲ ਲੋਕਾਂ ਦੀ ਆਮਦਨ ਵਧਣ ਅਤੇ ਆਰਥਿਕ ਗਤੀਵਿਧੀਆਂ ਨੂੰ ਗਤੀ ਮਿਲਣ ਦੀਆਂ ਸੰਭਾਵਨਾਵਾਂ ਬਣਦੀਆਂ ਹਨ। ਪਰ ਵਿਕਾਸ ਦੀ ਇਹ ਪ੍ਰਕਿਰਿਆ ਉਦੋਂ ਹੀ ਲਾਹੇਵੰਦ ਸਾਬਤ ਹੋ ਸਕਦੀ ਹੈ, ਜਦੋਂ ਇਸ ਦੇ ਨਾਲ ਲੋਕਾਂ ਦੀ ਸਿਹਤ, ਮਜ਼ਦੂਰਾਂ ਦੇ ਅਧਿਕਾਰਾਂ ਅਤੇ ਵਾਤਾਵਰਣ ਦੀ ਸੁਰੱਖਿਆ ਵੀ ਯਕੀਨੀ ਬਣਾਈ ਜਾਵੇ। ਜੇਕਰ ਉਦਯੋਗਿਕ ਤਰੱਕੀ ਦੀ ਕੀਮਤ ਲੋਕਾਂ ਨੂੰ ਪ੍ਰਦੂਸ਼ਿਤ ਹਵਾ, ਦੂਸ਼ਿਤ ਪਾਣੀ, ਖ਼ਰਾਬ ਹੁੰਦੀ ਮਿੱਟੀ ਅਤੇ ਸ਼ੋਸ਼ਣ ਦੇ ਰੂਪ ਵਿੱਚ ਚੁਕਾਉਣੀ ਪਵੇ ਤਾਂ ਅਜਿਹਾ ਵਿਕਾਸ ਆਪਣੇ ਮੂਲ ਉਦੇਸ਼ ਤੋਂ ਦੂਰ ਹੋ ਜਾਂਦਾ ਹੈ। ਪੰਜਾਬ ਵਰਗੇ ਖੇਤੀ ਪ੍ਰਧਾਨ ਸੂਬੇ ਵਿੱਚ ਇਹ ਮਸਲਾ ਹੋਰ ਵੀ ਮਹੱਤਵਪੂਰਨ ਹੈ। ਇੱਥੋਂ ਦੀ ਵੱਡੀ ਆਬਾਦੀ ਪਿੰਡਾਂ ਵਿੱਚ ਵਸਦੀ ਹੈ ਅਤੇ ਲੋਕਾਂ ਦੀ ਰੋਜ਼ੀ-ਰੋਟੀ ਦਾ ਵੱਡਾ ਹਿੱਸਾ ਖੇਤੀਬਾੜੀ, ਪਸ਼ੂ ਪਾਲਣ ਅਤੇ ਇਸ ਨਾਲ ਜੁੜੇ ਕਾਰੋਬਾਰਾਂ ਉੱਤੇ ਨਿਰਭਰ ਕਰਦਾ ਹੈ। ਉਦਯੋਗਿਕ ਇਕਾਈਆਂ ਦੀ ਸਥਾਪਨਾ ਸਮੇਂ ਇਨ੍ਹਾਂ ਪੱਖਾਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। ਕਿਸੇ ਫੈਕਟਰੀ ਵਿੱਚੋਂ ਨਿਕਲਣ ਵਾਲਾ ਗੰਦਾ ਪਾਣੀ, ਧੂੰਆਂ, ਰਸਾਇਣਕ ਰਹਿੰਦ-ਖੂੰਹਦ ਜੇਕਰ ਸਹੀ ਢੰਗ ਨਾਲ ਸੰਭਾਲੀ ਨਾ ਜਾਵੇ ਤਾਂ ਇਸ ਦਾ ਅਸਰ ਆਲੇ-ਦੁਆਲੇ ਦੇ ਪਾਣੀ, ਮਿੱਟੀ, ਫਸਲਾਂ ਅਤੇ ਲੋਕਾਂ ਦੀ ਸਿਹਤ ਉੱਤੇ ਹੋ ਸਕਦਾ ਹੈ। ਇਸ ਲਈ ਉਦਯੋਗ ਲਗਾਉਣ ਦੀ ਮਨਜ਼ੂਰੀ ਤੋਂ ਪਹਿਲਾਂ ਉਸ ਖੇਤਰ ਦੀ ਭੂਗੋਲਿਕ ਸਥਿਤੀ, ਪਾਣੀ ਦੇ ਸਰੋਤਾਂ, ਖੇਤੀਬਾੜੀ ਅਤੇ ਆਬਾਦੀ ਦਾ ਵਿਗਿਆਨਕ ਮੁਲਾਂਕਣ ਹੋਣਾ ਚਾਹੀਦਾ ਹੈ।



ਦਵਿੰਦਰ ਕੁਮਾਰ
ਸੰਪਾਦਕ, ਪੈ.ਗਾਮ-ਏ-ਜਗਤ

ਇੱਕ ਪਿੰਡ ਵਿੱਚ ਸਥਿਤ ਉਦਯੋਗਿਕ ਇਕਾਈ ਸਬੰਧੀ ਆਲੇ-ਦੁਆਲੇ ਦੇ ਪਿੰਡਾਂ ਦੇ ਵਸਨੀਕਾਂ ਵੱਲੋਂ ਪ੍ਰਗਟਾਈਆਂ ਗਈਆਂ ਚਿੰਤਾਵਾਂ ਨੇ ਉਦਯੋਗਿਕ ਇਕਾਈਆਂ ਦੀ ਨਿਗਰਾਨੀ ਦੇ ਮਹੱਤਵ ਨੂੰ ਮੁੜ ਉਭਾਰਿਆ ਹੈ। ਇਸ ਮਾਮਲੇ ਵਿੱਚ ਪਾਣੀ, ਮਿੱਟੀ ਅਤੇ ਸੁਆਹ ਦੇ ਨਮੂਨੇ ਇਕੱਤਰ ਕਰਨ ਦੇ ਨਾਲ ਹਵਾ ਦੀ ਗੁਣਵੱਤਾ ਦੀ ਜਾਂਚ ਅਤੇ ਲੋਕਾਂ ਦੀ ਸਿਹਤ ਜਾਂਚ ਲਈ ਕੈਂਪ ਲਗਾਉਣ ਦੀ ਪ੍ਰਕਿਰਿਆ ਵੀ ਸ਼ੁਰੂ ਕੀਤੀ ਗਈ ਹੈ। ਅਜਿਹੀਆਂ ਜਾਂਚਾਂ ਦਾ ਮਹੱਤਵ ਕਿਸੇ ਇੱਕ ਫੈਕਟਰੀ ਜਾਂ ਪਿੰਡ ਤੱਕ ਸੀਮਤ ਨਹੀਂ ਹੈ। ਉਦਯੋਗਿਕ ਖੇਤਰਾਂ ਦੇ ਆਲੇ-ਦੁਆਲੇ ਵਾਤਾਵਰਣ ਅਤੇ ਸਿਹਤ ਦੀ ਨਿਗਰਾਨੀ ਨਿਰੰਤਰ ਹੋਣੀ ਚਾਹੀਦੀ ਹੈ। ਸਿਰਫ਼ ਸ਼ਿਕਾਇਤ ਮਿਲਣ ਤੋਂ ਬਾਅਦ ਜਾਂਚ ਕਰਨਾ ਕਾਫ਼ੀ ਨਹੀਂ। ਉਦਯੋਗਿਕ ਇਕਾਈਆਂ ਦੇ ਪ੍ਰਦੂਸ਼ਣ ਕੰਟਰੋਲ ਪ੍ਰਬੰਧਾਂ ਦੀ ਨਿਯਮਤ ਜਾਂਚ ਹੋਣੀ ਚਾਹੀਦੀ ਹੈ। ਫੈਕਟਰੀਆਂ ਵਿੱਚ ਗੰਦੇ ਪਾਣੀ ਦੇ ਸੋਧ ਲਈ ਲੱਗੇ ਪਲਾਂਟਾਂ ਦੀ ਕਾਰਗੁਜ਼ਾਰੀ, ਚਿਮਨੀਆਂ ਵਿੱਚੋਂ ਨਿਕਲਣ ਵਾਲੇ ਧੂੰਏਂ ਅਤੇ ਠੋਸ ਰਹਿੰਦ-ਖੂੰਹਦ ਦੇ ਨਿਪਟਾਰੇ ਦੀ ਜਾਂਚ ਤੈਅ ਸਮੇਂ ਅਨੁਸਾਰ ਹੋਵੇ। ਪਾਣੀ ਦੇ ਨਮੂਨੇ ਫੈਕਟਰੀ ਦੇ ਅੰਦਰੋਂ ਹੀ ਨਹੀਂ, ਸਗੋਂ ਆਲੇ-ਦੁਆਲੇ ਦੇ ਬੋਰਵੈੱਲਾਂ ਅਤੇ ਜਲ ਸਰੋਤਾਂ ਤੋਂ ਵੀ ਲਏ ਜਾਣ। ਮਿੱਟੀ ਦੀ ਗੁਣਵੱਤਾ ਅਤੇ ਫਸਲਾਂ ਉੱਤੇ ਸੰਭਾਵੀ ਪ੍ਰਭਾਵਾਂ ਦਾ ਅਧਿਐਨ ਵੀ ਕੀਤਾ ਜਾਵੇ। ਜਾਂਚ ਰਿਪੋਰਟਾਂ ਆਮ ਲੋਕਾਂ ਲਈ ਉਪਲਬਧ ਹੋਣ ਅਤੇ ਪਿੰਡਾਂ ਦੇ ਨੁਮਾਇੰਦਿਆਂ ਨੂੰ ਨਿਗਰਾਨੀ ਪ੍ਰਕਿਰਿਆ ਵਿੱਚ ਸ਼ਾਮਲ ਕੀਤਾ ਜਾਵੇ।

ਉਦਯੋਗਿਕ ਵਿਕਾਸ ਦਾ ਇੱਕ ਹੋਰ ਅਹਿਮ ਪੱਖ ਉੱਥੇ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਸਥਿਤੀ ਹੈ। ਰੁਜ਼ਗਾਰ ਦੇ ਮੌਕੇ ਪੈਦਾ ਹੋਣਾ ਹੀ ਕਾਫ਼ੀ ਨਹੀਂ, ਸਗੋਂ ਇਹ ਵੀ ਦੇਖਣਾ ਜ਼ਰੂਰੀ ਹੈ ਕਿ ਕੰਮ ਕਰਨ ਵਾਲਿਆਂ ਨੂੰ ਉਨ੍ਹਾਂ ਦੀ ਮਿਹਨਤ ਦਾ ਉਚਿਤ ਮੁੱਲ ਮਿਲ ਰਿਹਾ ਹੈ ਜਾਂ ਨਹੀਂ। ਕਈ ਥਾਵਾਂ ਉੱਤੇ ਨਿਰਧਾਰਤ ਸਮੇਂ ਤੋਂ ਵੱਧ ਕੰਮ ਲੈਣਾ, ਓਵਰਟਾਈਮ ਦਾ ਪੂਰਾ ਭੁਗਤਾਨ ਨਾ ਕਰਨਾ, ਘੱਟ ਉਜਰਤ ਦੇਣਾ, ਛੁੱਟੀਆਂ ਤੋਂ ਵਾਂਝਾ ਰੱਖਣਾ ਅਤੇ ਠੇਕੇਦਾਰੀ ਪ੍ਰਬੰਧਾਂ ਹੇਠ ਜਵਾਬਦੇਹੀ ਤੋਂ ਬਚਣ ਵਰਗੀਆਂ ਸ਼ਿਕਾਇਤਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਅਸਥਾਈ ਅਤੇ ਠੇਕਾ ਆਧਾਰਿਤ ਕਾਮਿਆਂ ਨੂੰ ਸਮਾਜਿਕ ਸੁਰੱਖਿਆ, ਸਿਹਤ ਸਹੂਲਤਾਂ ਅਤੇ ਨੌਕਰੀ ਦੀ ਸਥਿਰਤਾ ਤੋਂ ਦੂਰ ਰੱਖਣਾ ਵੀ ਗੰਭੀਰ ਸਮੱਸਿਆ ਹੈ। ਫੈਕਟਰੀਆਂ ਵਿੱਚ ਮਸ਼ੀਨਾਂ, ਰਸਾਇਣਾਂ ਅਤੇ ਭਾਰੀ ਸਾਮਾਨ ਨਾਲ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਸੁਰੱਖਿਆ ਲਈ ਲੋੜੀਂਦੇ ਪ੍ਰਬੰਧ ਹੋਣੇ ਚਾਹੀਦੇ ਹਨ। ਸੁਰੱਖਿਆ ਉਪਕਰਨ, ਸਾਫ਼ ਪੀਣ ਵਾਲਾ ਪਾਣੀ, ਹਵਾਦਾਰੀ, ਮੁੱਢਲੀ ਡਾਕਟਰੀ ਸਹਾਇਤਾ ਅਤੇ ਹਾਦਸਿਆਂ ਤੋਂ ਬਚਾਅ ਦੀ ਸਿਖਲਾਈ ਉਨ੍ਹਾਂ ਦਾ ਅਧਿਕਾਰ ਹੈ। ਕੰਮ ਦੇ ਘੰਟਿਆਂ ਅਤੇ ਆਰਾਮ ਦੇ ਸਮੇਂ ਸਬੰਧੀ ਨਿਯਮਾਂ ਦੀ ਪਾਲਣਾ ਕਰਵਾਉਣੀ ਵੀ ਜ਼ਰੂਰੀ ਹੈ। ਕਿਰਤ ਵਿਭਾਗ ਵੱਲੋਂ ਨਿਯਮਤ ਜਾਂਚ ਹੋਵੇ ਅਤੇ ਮਜ਼ਦੂਰਾਂ ਨੂੰ ਬਿਨਾਂ ਡਰ ਆਪਣੀਆਂ ਸ਼ਿਕਾਇਤਾਂ ਦਰਜ ਕਰਵਾਉਣ ਦਾ ਮੌਕਾ ਮਿਲੇ। ਉਦਯੋਗਾਂ ਦੀ ਸਫ਼ਲਤਾ ਦਾ ਮੁਲਾਂਕਣ ਸਿਰਫ਼ ਉਤਪਾਦਨ ਅਤੇ ਮੁਨਾਫ਼ੇ ਨਾਲ ਨਹੀਂ, ਸਗੋਂ ਉੱਥੇ ਕੰਮ ਕਰਨ ਵਾਲਿਆਂ ਦੀ ਭਲਾਈ ਨਾਲ ਵੀ ਹੋਣਾ ਚਾਹੀਦਾ ਹੈ।

ਉਦਯੋਗਿਕ ਇਕਾਈਆਂ ਦੀ ਜ਼ਿੰਮੇਵਾਰੀ ਸਿਰਫ਼ ਸਰਕਾਰੀ ਨਿਯਮਾਂ ਦੀ ਪਾਲਣਾ ਤੱਕ ਸੀਮਤ ਨਹੀਂ ਹੋਣੀ ਚਾਹੀਦੀ। ਪਾਣੀ ਦੀ ਮੁੜ ਵਰਤੋਂ, ਊਰਜਾ ਦੀ ਬਚਤ, ਧੂੰਏਂ ਨੂੰ ਕਾਬੂ ਕਰਨ ਵਾਲੀ ਤਕਨੀਕ ਅਤੇ ਰਹਿੰਦ-ਖੂੰਹਦ ਦੇ ਸੁਰੱਖਿਅਤ ਨਿਪਟਾਰੇ ਨੂੰ ਕਾਰਜਪ੍ਰਣਾਲੀ ਦਾ ਹਿੱਸਾ ਬਣਾਇਆ ਜਾਵੇ। ਕਿਸੇ ਇਕਾਈ ਦੀ ਲਾਪਰਵਾਹੀ ਕਾਰਨ ਵਾਤਾਵਰਣ ਜਾਂ ਮਜ਼ਦੂਰਾਂ ਦੀ ਸਿਹਤ ਨੂੰ ਨੁਕਸਾਨ ਹੋਵੇ ਤਾਂ ਉਸ ਦੀ ਜ਼ਿੰਮੇਵਾਰੀ ਤੈਅ ਕਰਕੇ ਸੁਧਾਰ ਅਤੇ ਮੁਆਵਜ਼ੇ ਦੀ ਕਾਰਵਾਈ ਵੀ ਹੋਣੀ ਚਾਹੀਦੀ ਹੈ। ਉਦਯੋਗਿਕ ਵਿਕਾਸ ਅਤੇ ਲੋਕਾਂ ਦੀ ਭਲਾਈ ਇੱਕ-ਦੂਜੇ ਦੇ ਵਿਰੋਧੀ ਨਹੀਂ ਹਨ। ਲੋੜ ਅਜਿਹੀ ਨੀਤੀ ਅਤੇ ਕਾਰਜਪ੍ਰਣਾਲੀ ਦੀ ਹੈ ਜਿਸ ਵਿੱਚ ਰੁਜ਼ਗਾਰ, ਆਰਥਿਕ ਤਰੱਕੀ, ਮਜ਼ਦੂਰਾਂ ਦੇ ਅਧਿਕਾਰ ਅਤੇ ਵਾਤਾਵਰਣ ਨੂੰ ਬਰਾਬਰ ਮਹੱਤਵ ਮਿਲੇ। ਅਸਲ ਤਰੱਕੀ ਉਹੀ ਹੈ ਜਿਸ ਵਿੱਚ ਉਦਯੋਗਾਂ ਨੂੰ ਲਾਭ ਹੋਣ ਦੇ ਨਾਲ ਆਮ ਲੋਕਾਂ ਦੀ ਜ਼ਿੰਦਗੀ ਵੀ ਬਿਹਤਰ ਬਣੇ।

ਗੁਰੂ ਨਾਨਕ ਦੇਵ ਜੀ ਦਾ ਸਰਬੱਤ ਦੇ ਭਲੇ ਦਾ ਸੰਕਲਪ ਅੱਜ ਕਿੰਨਾ ਕੁ ਜ਼ਰੂਰੀ ਹੈ

ਪੈ.ਗਾਮ ਪੈ.ਗਾਮ-ਏ-ਜਗਤ ਜਗਤ



ਚਮਕੌਰ ਸਿੰਘ ਕੈਰਵੇ
ਮੋ. 9875200097

ਅੱਜ ਦਾ ਸੰਸਾਰ ਜਿਸ ਦੌਰ ਵਿੱਚੋਂ ਲੰਘ ਰਿਹਾ ਹੈ ਉਹ ਦੌਰ ਨਫਰਤ ਹਿੰਸਾ ਲਾਲਚ ਅਤੇ ਸਵਾਰਥ ਦਾ ਦੌਰ ਹੈ ਹਰ ਪਾਸੇ ਜੰਗਾਂ ਦਾ ਰੌਲਾ ਹੈ ਹਰ ਪਾਸੇ ਧਰਮਾਂ ਦੇ ਨਾਂ 'ਤੇ ਲੜਾਈਆਂ ਹਨ ਹਰ ਪਾਸੇ ਦੇਸ਼ਾਂ ਦੀਆਂ ਸਰਹੱਦਾਂ 'ਤੇ ਬੰਬ ਅਤੇ ਤੋਪਾਂ ਖੜ੍ਹੀਆਂ ਹਨ ਅਤੇ ਹਰ ਮਨੁੱਖ ਦੇ ਦਿਲ ਵਿੱਚ ਇੱਕ ਦੂਜੇ ਲਈ ਸ਼ੱਕ ਅਤੇ ਨਫਰਤ ਦਾ ਜ਼ਹਿਰ ਭਰਿਆ ਹੋਇਆ ਹੈ ਅਜਿਹੇ ਹਨੇਰੇ ਸਮੇਂ ਵਿੱਚ ਗੁਰੂ ਨਾਨਕ ਦੇਵ ਜੀ ਦਾ ਸਰਬੱਤ ਦੇ ਭਲੇ ਦਾ ਸੰਕਲਪ ਇੱਕ ਦੀਵੇ ਵਾਂਗ ਹੈ ਜੋ ਸਾਨੂੰ ਰੌਸ਼ਨੀ ਦਿਖਾ ਸਕਦਾ ਹੈ ਸਾਨੂੰ ਰਾਹ ਦਿਖਾ ਸਕਦਾ ਹੈ ਅਤੇ ਸਾਨੂੰ ਇਸ ਹਨੇਰੇ ਤੋਂ ਬਾਹਰ ਕੱਢ ਸਕਦਾ ਹੈ ਗੁਰੂ ਨਾਨਕ ਦੇਵ ਜੀ ਨੇ ਅੱਜ ਤੋਂ ਸਾਢੇ ਪੰਜ ਸੌ ਸਾਲ ਪਹਿਲਾਂ ਜਦੋਂ ਇਸ ਧਰਤੀ 'ਤੇ ਚਰਨ ਪਾਏ ਸਨ ਤਾਂ ਉਸ ਸਮੇਂ ਵੀ ਸਮਾਜ ਵਿੱਚ ਇਹੀ ਹਾਲ ਸੀ ਹਿੰਦੂ ਅਤੇ ਮੁਸਲਮਾਨ ਆਪਸ ਵਿੱਚ ਲੜ ਰਹੇ ਸਨ ਜਾਤ-ਪਾਤ ਦਾ ਜ਼ਹਿਰ ਫੈਲਿਆ ਹੋਇਆ ਸੀ ਗਰੀਬਾਂ 'ਤੇ ਜ਼ੁਲਮ ਹੋ ਰਿਹਾ ਸੀ ਅਤੇ ਮਨੁੱਖ ਮਨੁੱਖ ਨੂੰ ਨਫਰਤ ਦੀ ਨਜ਼ਰ ਨਾਲ ਦੇਖ ਰਿਹਾ ਸੀ ਉਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਇੱਕ ਬਹੁਤ ਹੀ ਕ੍ਰਾਂਤੀਕਾਰੀ ਸ਼ਬਦ ਕਿਹਾ ਸੀ ਨਾ ਕੋ ਬੈਰੀ ਨਹੀਂ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ਉਹਨਾਂ ਨੇ ਕਿਹਾ ਸੀ ਕਿ ਕੋਈ ਵੀ ਮੇਰਾ ਦੁਸ਼ਮਣ ਨਹੀਂ ਹੈ ਕੋਈ ਵੀ ਮੇਰੇ ਲਈ ਬੇਗਾਨਾ ਨਹੀਂ ਹੈ ਸਾਰੇ ਹੀ ਮੇਰੇ ਆਪਣੇ ਹਨ ਅਤੇ ਇਸੇ ਸੋਚ ਤੋਂ ਹੀ ਸਰਬੱਤ ਦੇ ਭਲੇ ਦਾ ਸੰਕਲਪ ਪੈਦਾ ਹੋਇਆ ਸਰਬੱਤ ਦੇ ਭਲੇ ਦਾ ਸਿੱਧਾ ਅਤੇ ਸਰਲ ਅਰਥ ਹੈ ਸਾਰਿਆਂ ਦਾ ਭਲਾ ਸਾਰੇ ਜੀਵਾਂ ਦਾ ਭਲਾ ਸਾਰੀ ਕਾਇਨਾਤ ਦਾ ਭਲਾ ਇਸ ਵਿੱਚ ਹਿੰਦੂ ਦਾ ਵੀ ਭਲਾ ਹੈ ਮੁਸਲਮਾਨ ਦਾ ਵੀ ਭਲਾ ਹੈ ਸਿੱਖ ਦਾ ਵੀ ਭਲਾ ਹੈ ਇਸਾਈ ਦਾ ਵੀ ਭਲਾ ਹੈ ਇਸ ਵਿੱਚ ਮਨੁੱਖ ਦਾ ਹੀ ਨਹੀਂ ਪਸ਼ੂ-ਪੰਛੀਆਂ ਦਾ ਵੀ ਭਲਾ ਹੈ ਦਰਿਆਵਾਂ ਦਾ ਵੀ ਭਲਾ ਹੈ ਪਹਾੜਾਂ ਦਾ ਵੀ ਭਲਾ ਹੈ ਅਤੇ ਧਰਤੀ ਦਾ ਵੀ ਭਲਾ ਹੈ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਇਹ ਸਿਖਾਇਆ ਕਿ ਜਦੋਂ ਤੱਕ ਅਸੀਂ ਸਿਰਫ ਆਪਣੇ ਭਲੇ ਬਾਰੇ ਸੋਚਾਂਗੇ ਉਦੋਂ ਤੱਕ ਅਸੀਂ ਕਦੇ ਵੀ ਸੁਖੀ ਨਹੀਂ ਹੋ ਸਕਦੇ ਸੁੱਖ ਤਾਂ ਉਦੋਂ ਹੀ ਮਿਲੇਗਾ ਜਦੋਂ ਅਸੀਂ ਸਾਰਿਆਂ ਦੇ ਭਲੇ ਬਾਰੇ ਸੋਚਾਂਗੇ ਅੱਜ ਦੇ ਸਮੇਂ ਵਿੱਚ ਇਸ ਸੰਕਲਪ ਦੀ ਲੋੜ ਕਿਉਂ ਹੈ ਇਸ ਨੂੰ ਸਮਝਣ ਲਈ ਆਪਣੇ ਆਲੇ-ਦੁਆਲੇ ਦੇਖੋ ਅੱਜ ਅਸੀਂ ਕੀ ਕਰ ਰਹੇ ਹਾਂ ਅਸੀਂ ਆਪਣੇ ਧਰਮ ਨੂੰ ਵੱਡਾ ਅਤੇ ਦੂਜੇ ਦੇ ਧਰਮ ਨੂੰ ਛੋਟਾ ਸਮਝ ਰਹੇ ਹਾਂ ਅਸੀਂ ਆਪਣੀ ਜਾਤ ਨੂੰ ਉੱਚੀ ਅਤੇ ਦੂਜੇ ਦੀ ਜਾਤ ਨੂੰ ਨੀਵੀਂ ਸਮਝ ਰਹੇ ਹਾਂ ਅਸੀਂ ਆਪਣੇ ਦੇਸ਼ ਦੇ ਲੋਕਾਂ ਨੂੰ ਹੀ ਆਪਸ ਵਿੱਚ ਵੰਡ ਰਹੇ ਹਾਂ ਅਤੇ ਇਸ ਵੰਡ ਦਾ ਫਾਇਦਾ ਸਿਰਫ ਉਹ ਤਾਕਤਾਂ ਲੈ ਰਹੀਆਂ ਹਨ ਜੋ ਸਾਨੂੰ ਲੜਾ ਕੇ ਰਾਜ ਕਰਨਾ ਚਾਹੁੰਦੀਆਂ ਹਨ ਜੇਕਰ ਅਸੀਂ ਗੁਰੂ ਨਾਨਕ ਦੇ ਸਰਬੱਤ ਦੇ ਭਲੇ ਦੇ ਸੰਕਲਪ ਨੂੰ ਆਪਣੇ ਜੀਵਨ ਵਿੱਚ ਧਾਰਨ ਕਰ ਲਈਏ ਤਾਂ ਇਹ ਸਾਰੀਆਂ ਵੰਡੀਆਂ ਆਪਣੇ ਆਪ ਖਤਮ ਹੋ ਜਾਣਗੀਆਂ ਕਿਉਂਕਿ ਜਦੋਂ ਅਸੀਂ ਹਰ ਰੋਜ਼ ਅਰਦਾਸ ਵਿੱਚ ਕਹਿੰਦੇ ਹਾਂ ਕਿ ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ਤਾਂ ਇਸ ਦਾ ਅਰਥ ਇਹ ਹੈ ਕਿ ਅਸੀਂ ਵਾਹਿਗੁਰੂ ਅੱਗੇ ਇਹ ਬੇਨਤੀ ਕਰ ਰਹੇ ਹਾਂ ਕਿ ਹੇ ਵਾਹਿਗੁਰੂ ਸਿਰਫ ਮੇਰਾ ਹੀ ਨਹੀਂ ਸਗੋਂ ਸਾਰਿਆਂ ਦਾ ਭਲਾ ਕਰੀਂ ਭਾਵੇਂ ਉਹ ਮੇਰਾ ਦੁਸ਼ਮਣ ਹੀ ਕਿਉਂ ਨਾ ਹੋਵੇ ਇਹ ਕਿੰਨੀ ਵੱਡੀ ਸੋਚ ਹੈ ਇਹ ਕਿੰਨੀ ਉੱਚੀ ਸੋਚ ਹੈ



ਦੁਨੀਆਂ ਦੇ ਕਿਸੇ ਵੀ ਧਰਮ ਵਿੱਚ ਅਜਿਹੀ ਸਰਵ-ਵਿਆਪਕ ਅਤੇ ਸਰਵ-ਕਲਿਆਣਕਾਰੀ ਪ੍ਰਾਰਥਨਾ ਨਹੀਂ ਮਿਲਦੀ ਜਿੱਥੇ ਆਪਣੇ ਦੁਸ਼ਮਣ ਦੇ ਭਲੇ ਦੀ ਵੀ ਕਾਮਨਾ ਕੀਤੀ ਜਾਂਦੀ ਹੋਵੇ ਅੱਜ ਜਦੋਂ ਪੰਜਾਬ ਵਿੱਚ ਪਾਣੀ ਦਾ ਸੰਕਟ ਹੈ ਜਦੋਂ ਹਵਾ ਪ੍ਰਦੂਸ਼ਿਤ ਹੋ ਰਹੀ ਹੈ ਜਦੋਂ ਨਸ਼ਿਆਂ ਨੇ ਸਾਡੀ ਜਵਾਨੀ ਨੂੰ ਖਾ ਲਿਆ ਹੈ ਤਾਂ ਸਾਨੂੰ ਸਰਬੱਤ ਦੇ ਭਲੇ ਦੀ ਸਭ ਤੋਂ ਵੱਧ ਲੋੜ ਹੈ ਕਿਉਂਕਿ ਸਰਬੱਤ ਦੇ ਭਲੇ ਦਾ ਅਰਥ ਇਹ ਵੀ ਹੈ ਕਿ ਅਸੀਂ ਆਪਣੀ ਹਵਾ ਨੂੰ ਸਾਫ ਰੱਖੀਏ ਤਾਂ ਜੋ ਸਾਰੇ ਸਾਹ ਲੈ ਸਕਣ ਅਸੀਂ ਆਪਣੇ ਪਾਣੀ ਨੂੰ ਸਾਫ ਰੱਖੀਏ ਤਾਂ ਜੋ ਸਾਰੇ ਪੀ ਸਕਣ ਅਤੇ ਅਸੀਂ ਆਪਣੇ ਸਮਾਜ ਨੂੰ ਨਸ਼ਾ-ਮੁਕਤ ਰੱਖੀਏ ਤਾਂ ਜੋ ਸਾਰਿਆਂ ਦੇ ਬੱਚੇ ਸੁਰੱਖਿਅਤ ਰਹਿ ਸਕਣ ਸਰਬੱਤ ਦਾ ਭਲਾ ਸਿਰਫ ਇੱਕ ਧਾਰਮਿਕ ਨਾਅਰਾ ਨਹੀਂ ਹੈ ਇਹ ਇੱਕ ਜੀਵਨ-ਜਾਂਚ ਹੈ ਇੱਕ ਸਮਾਜਿਕ ਦਰਸ਼ਨ ਹੈ ਅਤੇ ਇੱਕ ਆਰਥਿਕ ਮਾਡਲ ਵੀ ਹੈ ਜੇਕਰ ਸਰਕਾਰਾਂ ਇਸ ਸੰਕਲਪ ਨੂੰ ਆਪਣੀਆਂ ਨੀਤੀਆਂ ਵਿੱਚ ਲਾਗੂ ਕਰਨ ਤਾਂ ਕੋਈ ਵੀ ਭੁੱਖਾ ਨਹੀਂ ਸੌਂਵੇਗਾ ਕੋਈ ਵੀ ਬੇਘਰ ਨਹੀਂ ਰਹੇਗਾ ਅਤੇ ਕੋਈ ਵੀ ਬਿਮਾਰੀ ਤੋਂ ਬਿਨਾਂ ਇਲਾਜ ਤੋਂ ਨਹੀਂ ਮਰੇਗਾ ਕਿਉਂਕਿ ਸਰਕਾਰ ਸਿਰਫ ਕੁਝ ਲੋਕਾਂ ਦੇ ਭਲੇ ਬਾਰੇ ਨਹੀਂ ਸਗੋਂ ਸਰਬੱਤ ਦੇ ਭਲੇ ਬਾਰੇ ਸੋਚੇਗੀ ਗੁਰੂ ਨਾਨਕ ਨੇ ਸਾਨੂੰ ਤਿੰਨ ਸੁਨਹਿਰੀ ਸਿਧਾਂਤ ਦਿੱਤੇ ਸਨ ਕਿਰਤ ਕਰੋ ਨਾਮ ਜਪੋ ਅਤੇ ਵੰਡ ਛਕੋ ਵੰਡ ਛਕਣਾ ਹੀ ਸਰਬੱਤ ਦੇ ਭਲੇ ਦੀ ਪਹਿਲੀ ਪੌੜੀ ਹੈ ਜਦੋਂ ਅਸੀਂ ਆਪਣੀ ਕਮਾਈ ਵਿੱਚੋਂ ਦੂਜਿਆਂ ਨੂੰ ਵੰਡਦੇ ਹਾਂ ਤਾਂ ਹੀ ਅਸੀਂ ਸਰਬੱਤ ਦੇ ਭਲੇ ਦੇ ਰਾਹ 'ਤੇ ਤੁਰਦੇ ਹਾਂ ਇਸ ਲਈ ਅੱਜ ਦੇ ਇਸ ਸਵਾਰਥੀ ਯੁੱਗ ਵਿੱਚ ਜਿੱਥੇ ਹਰ ਕੋਈ ਮੈਂ-ਮੈਂ ਦੀ ਦੌੜ ਵਿੱਚ ਲੱਗਾ ਹੋਇਆ ਹੈ ਉੱਥੇ ਗੁਰੂ ਨਾਨਕ ਦਾ ਸਰਬੱਤ ਦੇ ਭਲੇ ਦਾ ਸੰਕਲਪ ਇੱਕ ਠੰਡੀ ਹਵਾ ਦੇ ਬੁੱਲੇ ਵਾਂਗ ਹੈ ਜੋ ਸਾਡੇ ਸੜਦੇ ਹੋਏ ਮਨਾਂ ਨੂੰ ਸ਼ਾਂਤੀ ਦੇ ਸਕਦਾ ਹੈ ਇਹ ਸੰਕਲਪ ਅੱਜ ਪਹਿਲਾਂ ਨਾਲੋਂ ਵੀ ਜ਼ਿਆਦਾ ਜ਼ਰੂਰੀ ਹੈ ਕਿਉਂਕਿ ਜੇਕਰ ਅਸੀਂ ਅੱਜ ਵੀ ਸਰਬੱਤ ਦੇ ਭਲੇ ਨੂੰ ਨਾ ਅਪਣਾਇਆ ਤਾਂ ਕੱਲ੍ਹ ਨੂੰ ਸ਼ਾਇਦ ਭਲਾ ਕਰਨ ਲਈ ਕੋਈ ਬਚੇਗਾ ਹੀ ਨਹੀਂ ਇਸ ਲਈ ਆਓ ਅਸੀਂ ਸਾਰੇ ਰਲ ਕੇ ਇਹ ਪ੍ਰਣ ਕਰੀਏ ਕਿ ਅਸੀਂ ਆਪ

ਸੁਆਦ ਦੀ ਦੌੜ ਵਿੱਚ ਸਿਹਤ ਨਾਲ ਸਮਝੌਤਾ: ਨੌਜਵਾਨਾਂ ਵਿੱਚ ਵਧ ਰਹੇ ਫਾਸਟ ਫੂਡ ਸੱਭਿਆਚਾਰ ਦੇ ਖ਼ਤਰੇ



ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ, ਮਲੋਟ, ਪੰਜਾਬ

ਪੈ਼ਗਾਮ ਪੈ਼ਗਾਮ-ਏ-ਜਗਤ ਜਗਤ

ਅੱਜ ਦੇ ਆਧੁਨਿਕ ਅਤੇ ਤੇਜ਼ੀ ਨਾਲ ਬਦਲ ਰਹੇ ਸਮਾਜ ਵਿੱਚ ਖਾਣ-ਪੀਣ ਦੀਆਂ ਆਦਤਾਂ ਵਿੱਚ ਵੱਡੀ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ। ਖ਼ਾਸ ਕਰਕੇ ਨੌਜਵਾਨਾਂ ਵਿੱਚ ਫਾਸਟ ਫੂਡ ਦਾ ਆਕਰਸ਼ਣ ਤੇਜ਼ੀ ਨਾਲ ਵਧਿਆ ਹੈ। ਪੀਜ਼ਾ, ਬਰਗਰ, ਮੋਮੋਜ਼, ਚਾਊਮੀਨ, ਨੂਡਲਜ਼, ਫ?ਰੈਂਚ ਫ?ਰਾਈਜ਼, ਸਾਫਟ ਡਰਿੰਕਸ ਅਤੇ ਵੱਖ-ਵੱਖ ਕਿਸਮ ਦੇ ਪੈਕਟਬੰਦ ਖਾਧ ਪਦਾਰਥ ਹੁਣ ਉਨ੍ਹਾਂ ਦੀ ਰੋਜ਼ਾਨਾ ਜੀਵਨ-ਸ਼ੈਲੀ ਦਾ ਹਿੱਸਾ ਬਣਦੇ ਜਾ ਰਹੇ ਹਨ। ਕਾਲਜਾਂ, ਯੂਨੀਵਰਸਿਟੀਆਂ, ਬਾਜ਼ਾਰਾਂ ਅਤੇ ਇੱਥੋਂ ਤੱਕ ਕਿ ਸਕੂਲਾਂ ਦੇ ਆਲੇ-ਦੁਆਲੇ ਵੀ ਫਾਸਟ ਫੂਡ ਦੀਆਂ ਦੁਕਾਨਾਂ ਆਸਾਨੀ ਨਾਲ ਮਿਲ ਜਾਂਦੀਆਂ ਹਨ। ਆਨਲਾਈਨ ਫੂਡ ਡਿਲਿਵਰੀ ਦੀ ਸਹੂਲਤ ਨੇ ਇਸ ਰੁਝਾਨ ਨੂੰ ਹੋਰ ਵੀ ਪ੍ਰਸਿੱਧ ਬਣਾ ਦਿੱਤਾ ਹੈ। ਸੁਆਦ, ਸਹੂਲਤ ਅਤੇ ਆਕਰਸ਼ਕ ਇਸ਼ਤਿਹਾਰਾਂ ਦੀ ਇਸ ਦੌੜ ਵਿੱਚ ਨੌਜਵਾਨ ਅਕਸਰ ਆਪਣੀ ਸਿਹਤ ਦੀ ਅਣਦੇਖੀ ਕਰ ਰਹੇ ਹਨ। ਫਾਸਟ ਫੂਡ ਦਾ ਆਕਰਸ਼ਣ ਸਿਰਫ਼ ਇਸ ਦੇ ਸੁਆਦ ਤੱਕ ਸੀਮਤ ਨਹੀਂ ਹੈ। ਆਧੁਨਿਕ ਜੀਵਨ-ਸ਼ੈਲੀ, ਸਮੇਂ ਦੀ ਘਾਟ, ਦੋਸਤਾਂ ਨਾਲ ਬਾਹਰ ਖਾਣ ਦਾ ਰੁਝਾਨ, ਸੋਸ਼ਲ ਮੀਡੀਆ ਅਤੇ ਇਸ਼ਤਿਹਾਰਾਂ ਦਾ ਪ੍ਰਭਾਵ ਵੀ ਇਸ ਦੀ ਵਧਦੀ ਵਰਤੋਂ ਦੇ ਮੁੱਖ ਕਾਰਨ ਹਨ।

ਕਈ ਨੌਜਵਾਨਾਂ ਲਈ ਪੀਜ਼ਾ ਅਤੇ ਬਰਗਰ ਖਾਣਾ ਆਧੁਨਿਕਤਾ, ਮਨੋਰੰਜਨ ਅਤੇ ਸਮਾਜਿਕ ਮੇਲ-ਜੋਲ ਦਾ ਪ੍ਰਤੀਕ ਬਣ ਗਿਆ ਹੈ। ਜਨਮਦਿਨ, ਪਾਰਟੀਆਂ, ਕਾਲਜ ਸਮਾਗਮਾਂ ਅਤੇ ਦੋਸਤਾਂ ਦੀਆਂ ਮਿਲਣੀਆਂ ਵਿੱਚ ਫਾਸਟ ਫੂਡ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਹੌਲੀ-ਹੌਲੀ ਕਦੇ-ਕਦਾਈਂ ਖਾਧਾ ਜਾਣ ਵਾਲਾ ਭੋਜਨ ਰੋਜ਼ਾਨਾ ਦੀ ਆਦਤ ਬਣ ਜਾਂਦਾ ਹੈ।

ਫਾਸਟ ਫੂਡ ਦੀ ਪੌਸ਼ਟਿਕਤਾ ਦੀ ਅਸਲੀਅਤ

ਜ਼ਿਆਦਾਤਰ ਫਾਸਟ ਫੂਡ ਵਿੱਚ ਕੈਲੋਰੀ, ਨਮਕ, ਖੰਡ ਅਤੇ ਸੰਤ੍ਰਿਪਤ ਚਰਬੀ ਦੀ ਮਾਤਰਾ ਵੱਧ ਹੋ ਸਕਦੀ ਹੈ। ਇਸ ਦੇ ਉਲਟ, ਇਨ੍ਹਾਂ ਵਿੱਚ ਫਾਈਬਰ, ਵਿਟਾਮਿਨ, ਖਣਿਜ ਅਤੇ ਹੋਰ ਜ਼ਰੂਰੀ ਪੌਸ਼ਟਿਕ ਤੱਤ ਮੁਕਾਬਲਤਨ ਘੱਟ ਹੁੰਦੇ ਹਨ। ਖ਼ਾਸ ਤੌਰ 'ਤੇ ਬਹੁਤ ਜ਼ਿਆਦਾ ਪ੍ਰੋਸੈਸ ਕੀਤੇ ਗਏ ਖਾਧ ਪਦਾਰਥ ਸਰੀਰ ਨੂੰ ਲੋੜੀਂਦਾ ਪੋਸ਼ਣ ਦਿੱਤੇ ਬਿਨਾਂ ਵਾਧੂ ਕੈਲੋਰੀ ਪ੍ਰਦਾਨ ਕਰ ਸਕਦੇ ਹਨ।

ਸਾਫਟ ਡਰਿੰਕਸ ਅਤੇ ਮਿੱਠੇ ਪੀਣ ਵਾਲੇ ਪਦਾਰਥਾਂ ਵਿੱਚ ਖੰਡ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ। ਇਨ੍ਹਾਂ ਦੀ ਨਿਯਮਤ ਵਰਤੋਂ ਭਾਰ ਵਧਣ ਅਤੇ ਟਾਈਪ-2 ਸ਼ੂਗਰ ਦੇ ਖ਼ਤਰੇ ਨੂੰ ਵਧਾ ਸਕਦੀ ਹੈ। ਇਸੇ ਤਰ੍ਹਾਂ ਵੱਧ ਨਮਕ ਵਾਲੇ ਖਾਧ ਪਦਾਰਥ ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਵਿੱਚ ਯੋਗਦਾਨ ਪਾ ਸਕਦੇ ਹਨ। ਵਾਰ-ਵਾਰ ਤਲੀਆਂ ਹੋਈਆਂ ਚੀਜ਼ਾਂ ਖਾਣ ਨਾਲ ਗੈਰ-ਸਿਹਤਮੰਦ ਚਰਬੀ ਦੀ ਮਾਤਰਾ ਵਧ ਸਕਦੀ ਹੈ, ਜੋ ਦਿਲ ਦੀ ਸਿਹਤ ਲਈ ਨੁਕਸਾਨਦੇਹ ਹੈ।

ਇਹ ਸਮਝਣਾ ਜ਼ਰੂਰੀ ਹੈ ਕਿ ਹਰ ਫਾਸਟ ਫੂਡ ਇੱਕੋ ਜਿਹਾ ਨਹੀਂ ਹੁੰਦਾ ਅਤੇ ਕਦੇ-ਕਦਾਈਂ ਇਸ ਦਾ ਸੇਵਨ ਆਪਣੇ ਆਪ ਵਿੱਚ ਬਿਮਾਰੀ ਦਾ ਕਾਰਨ ਨਹੀਂ ਬਣਦਾ। ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਅਜਿਹੇ ਖਾਧ ਪਦਾਰਥ ਸੰਤੁਲਿਤ ਅਤੇ ਪੌਸ਼ਟਿਕ ਭੋਜਨ ਦੀ ਥਾਂ ਲੈਣ ਲੱਗ ਪੈਂਦੇ ਹਨ।

ਮੋਟਾਪਾ ਅਤੇ ਜੀਵਨ-ਸ਼ੈਲੀ ਨਾਲ ਜੁੜੀਆਂ ਬਿਮਾਰੀਆਂ

ਨੌਜਵਾਨਾਂ ਵਿੱਚ ਵਧ ਰਿਹਾ ਮੋਟਾਪਾ ਅੱਜ ਜਨਤਕ ਸਿਹਤ ਲਈ ਇੱਕ ਗੰਭੀਰ ਚੁਣੌਤੀ ਬਣਦਾ ਜਾ ਰਿਹਾ ਹੈ। ਫਾਸਟ ਫੂਡ ਵਿੱਚ ਵੱਧ ਕੈਲੋਰੀ ਅਤੇ ਘੱਟ ਪੋਸ਼ਣ ਹੋਣ ਕਾਰਨ ਇਸ ਦੀ ਬਹੁਤ ਜ਼ਿਆਦਾ ਵਰਤੋਂ ਭਾਰ ਵਧਣ ਵਿੱਚ ਯੋਗਦਾਨ ਪਾ ਸਕਦੀ ਹੈ। ਜਦੋਂ ਇਸ ਦੇ ਨਾਲ ਸਰੀਰਕ ਗਤੀਵਿਧੀਆਂ ਦੀ ਘਾਟ, ਲੰਬੇ ਸਮੇਂ ਤੱਕ ਮੋਬਾਈਲ ਜਾਂ ਕੰਪਿਊਟਰ ਦੀ ਵਰਤੋਂ ਅਤੇ ਬੇਤਰਤੀਬ ਜੀਵਨ-ਸ਼ੈਲੀ ਜੁੜ ਜਾਂਦੀ ਹੈ, ਤਾਂ ਸਥਿਤੀ ਹੋਰ ਗੰਭੀਰ ਹੋ ਸਕਦੀ ਹੈ। ਮੋਟਾਪਾ ਸਿਰਫ਼ ਸਰੀਰਕ ਦਿੱਖ ਦਾ ਮਸਲਾ ਨਹੀਂ ਹੈ। ਇਹ ਹਾਈ ਬਲੱਡ ਪ੍ਰੈਸ਼ਰ, ਟਾਈਪ-2 ਸ਼ੂਗਰ, ਦਿਲ ਦੀਆਂ ਬਿਮਾਰੀਆਂ, ਫੈਟੀ ਲਿਵਰ ਅਤੇ ਜੋੜਾਂ ਦੀਆਂ ਸਮੱਸਿਆਵਾਂ ਦੇ ਖ਼ਤਰੇ ਨੂੰ ਵਧਾ ਸਕਦਾ ਹੈ। ਪਹਿਲਾਂ ਜਿਨ੍ਹਾਂ ਬਿਮਾਰੀਆਂ ਨੂੰ ਮੁੱਖ ਤੌਰ 'ਤੇ ਵਧਦੀ ਉਮਰ ਨਾਲ ਜੋੜਿਆ ਜਾਂਦਾ ਸੀ, ਉਹ ਹੁਣ ਘੱਟ ਉਮਰ ਦੇ ਲੋਕਾਂ ਵਿੱਚ ਵੀ ਦੇਖਣ ਨੂੰ ਮਿਲ ਰਹੀਆਂ ਹਨ। ਇਸ ਲਈ ਜਵਾਨੀ ਤੋਂ ਹੀ ਸਿਹਤਮੰਦ ਖਾਣ-ਪੀਣ ਅਤੇ ਸਰਗਰਮ ਜੀਵਨ-ਸ਼ੈਲੀ ਅਪਣਾਉਣੀ ਜ਼ਰੂਰੀ ਹੈ।

ਪਾਚਨ ਪ੍ਰਣਾਲੀ ਉੱਤੇ ਪ੍ਰਭਾਵ

ਫਾਸਟ ਫੂਡ ਵਿੱਚ ਫਾਈਬਰ ਦੀ ਘਾਟ ਅਤੇ ਚਰਬੀ ਦੀ ਵੱਧ ਮਾਤਰਾ ਪਾਚਨ ਸੰਬੰਧੀ ਸਮੱਸਿਆਵਾਂ ਨੂੰ ਵਧਾ ਸਕਦੀ ਹੈ। ਨਿਯਮਤ ਤੌਰ 'ਤੇ ਅਜਿਹੇ ਖਾਧ ਪਦਾਰਥ ਖਾਣ ਵਾਲੇ ਨੌਜਵਾਨਾਂ ਨੂੰ ਕਬਜ਼, ਗੈਸ, ਪੇਟ ਫੁੱਲਣ ਅਤੇ ਬਦਹਜ਼ਮੀ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਫਲ, ਸਬਜ਼ੀਆਂ, ਸਾਬਤ ਅਨਾਜ ਅਤੇ ਦਾਲਾਂ ਪਾਚਨ ਪ੍ਰਣਾਲੀ ਨੂੰ ਸਿਹਤਮੰਦ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਅੰਤੜੀਆਂ ਵਿੱਚ ਰਹਿਣ ਵਾਲੇ ਸੂਖਮ ਜੀਵਾਂ ਦੇ ਸਮੂਹ ਨੂੰ ਗਟ ਮਾਈਕ੍ਰੋਬਾਇਓਮ ਕਿਹਾ ਜਾਂਦਾ ਹੈ। ਇਹ ਸਾਡੇ ਪਾਚਨ ਅਤੇ ਸਮੁੱਚੀ ਸਿਹਤ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਵੱਖ-ਵੱਖ ਕਿਸਮਾਂ ਦੇ ਫਾਈਬਰ ਵਾਲਾ ਭੋਜਨ ਅੰਤੜੀਆਂ ਦੇ ਲਾਭਕਾਰੀ ਸੂਖਮ ਜੀਵਾਂ ਨੂੰ ਪੋਸ਼ਣ ਦਿੰਦਾ ਹੈ। ਇਸ ਦੇ ਉਲਟ, ਬਹੁਤ ਜ਼ਿਆਦਾ ਪ੍ਰੋਸੈਸ ਕੀਤੇ ਅਤੇ ਘੱਟ ਫਾਈਬਰ ਵਾਲੇ ਭੋਜਨ ਉੱਤੇ ਨਿਰਭਰਤਾ ਅੰਤੜੀਆਂ ਦੀ ਸਿਹਤ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਮਾਨਸਿਕ ਸਿਹਤ ਅਤੇ ਖਾਣ-ਪੀਣ ਦਾ ਸਬੰਧ

ਭੋਜਨ ਦਾ ਪ੍ਰਭਾਵ ਸਿਰਫ਼ ਸਰੀਰ ਉੱਤੇ ਹੀ ਨਹੀਂ, ਸਗੋਂ ਦਿਮਾਗ ਅਤੇ ਮਾਨਸਿਕ ਸਿਹਤ ਉੱਤੇ ਵੀ ਪੈਂਦਾ ਹੈ। ਸੰਤੁਲਿਤ ਖੁਰਾਕ ਦਿਮਾਗ ਨੂੰ ਲੋੜੀਂਦੇ ਪੌਸ਼ਟਿਕ ਤੱਤ ਪ੍ਰਦਾਨ ਕਰਦੀ ਹੈ, ਜੋ ਯਾਦਦਾਸ਼ਤ, ਇਕਾਗਰਤਾ ਅਤੇ ਸਿੱਖਣ ਦੀ ਸਮਰੱਥਾ ਲਈ ਮਹੱਤਵਪੂਰਨ ਹਨ।

ਬਹੁਤ ਜ਼ਿਆਦਾ ਮਿੱਠੇ ਅਤੇ ਚਰਬੀ ਵਾਲੇ ਖਾਧ ਪਦਾਰਥਾਂ ਦੀ ਨਿਯਮਤ ਵਰਤੋਂ ਗਲਤ ਖਾਣ-ਪੀਣ ਦੀਆਂ ਆਦਤਾਂ ਨੂੰ ਮਜ਼ਬੂਤ ਕਰ ਸਕਦੀ ਹੈ। ਇਸ ਦੇ ਨਾਲ ਨੀਂਦ ਦੀ ਘਾਟ ਅਤੇ ਸਰੀਰਕ ਨਿਸ਼ਕਿਰਿਆਤਾ ਜੁੜ ਜਾਣ ਨਾਲ ਮਾਨਸਿਕ ਥਕਾਵਟ ਅਤੇ ਇਕਾਗਰਤਾ ਦੀਆਂ ਸਮੱਸਿਆਵਾਂ ਵਧ ਸਕਦੀਆਂ ਹਨ। ਵਿਦਿਆਰਥੀਆਂ ਲਈ ਇਹ ਵਿਸ਼ੇਸ਼ ਤੌਰ 'ਤੇ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਪੜ੍ਹਾਈ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਦੌਰਾਨ ਸਿਹਤਮੰਦ ਸਰੀਰ ਅਤੇ ਸਰਗਰਮ ਦਿਮਾਗ ਦੀ ਲੋੜ ਹੁੰਦੀ ਹੈ।



ਸੋਸ਼ਲ ਮੀਡੀਆ ਅਤੇ ਇਸ਼ਤਿਹਾਰਾਂ ਦਾ ਪ੍ਰਭਾਵ

ਅੱਜ ਸੋਸ਼ਲ ਮੀਡੀਆ ਨੌਜਵਾਨਾਂ ਦੀਆਂ ਖਾਣ-ਪੀਣ ਦੀਆਂ ਪਸੰਦਾਂ ਨੂੰ ਪ੍ਰਭਾਵਿਤ ਕਰਨ ਵਾਲਾ ਇੱਕ ਵੱਡਾ ਮਾਧਿਅਮ ਬਣ ਚੁੱਕਾ ਹੈ। ਆਕਰਸ਼ਕ ਵੀਡੀਓ, ਫੂਡ ਬਲੌਗਰਾਂ, ਮਸ਼ਹੂਰ ਹਸਤੀਆਂ ਦੇ ਪ੍ਰਚਾਰ ਅਤੇ ਆਨਲਾਈਨ ਛੋਟਾਂ ਰਾਹੀਂ ਵੱਖ-ਵੱਖ ਖਾਧ ਪਦਾਰਥਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ। ਕਈ ਵਾਰ ਇਸ਼ਤਿਹਾਰਾਂ ਵਿੱਚ ਸੁਆਦ ਅਤੇ ਆਕਰਸ਼ਣ ਨੂੰ ਵੱਧ ਮਹੱਤਵ ਦਿੱਤਾ ਜਾਂਦਾ ਹੈ, ਜਦਕਿ ਪੌਸ਼ਟਿਕਤਾ ਸੰਬੰਧੀ ਜਾਣਕਾਰੀ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਜਾਂਦਾ।

ਆਨਲਾਈਨ ਫੂਡ ਡਿਲਿਵਰੀ ਐਪਸ ਨੇ ਕੁਝ ਹੀ ਮਿੰਟਾਂ ਵਿੱਚ ਮਨਪਸੰਦ ਭੋਜਨ ਘਰ ਤੱਕ ਪਹੁੰਚਾਉਣਾ ਆਸਾਨ ਬਣਾ ਦਿੱਤਾ ਹੈ। ਖ਼ਾਸ ਆਫ਼ਰਾਂ, ਕੰਬੋ ਪੈਕ ਅਤੇ ਛੋਟਾਂ ਕਾਰਨ ਲੋਕ ਕਈ ਵਾਰ ਲੋੜ ਤੋਂ ਵੱਧ ਭੋਜਨ ਵੀ ਮੰਗਵਾ ਲੈਂਦੇ ਹਨ। ਨੌਜਵਾਨਾਂ ਨੂੰ ਇਹ ਸਮਝਣਾ ਹੋਵੇਗਾ ਕਿ ਇਸ਼ਤਿਹਾਰਾਂ ਦਾ ਮੁੱਖ ਉਦੇਸ਼ ਉਤਪਾਦ ਵੇਚਣਾ ਹੁੰਦਾ ਹੈ, ਨਾ ਕਿ ਹਮੇਸ਼ਾ ਉਨ੍ਹਾਂ ਦੀ ਸਿਹਤ ਦੀ ਚਿੰਤਾ ਕਰਨਾ।

ਵਿਦਿਆਰਥੀਆਂ ਦੀ ਜੀਵਨ-ਸ਼ੈਲੀ ਅਤੇ ਖਾਣ-ਪੀਣ

ਅੱਜ ਬਹੁਤ ਸਾਰੇ ਵਿਦਿਆਰਥੀ ਸਵੇਰ ਦਾ ਨਾਸ਼ਤਾ ਛੱਡ ਦਿੰਦੇ ਹਨ, ਦੁਪਹਿਰ ਨੂੰ ਫਾਸਟ ਫੂਡ ਖਾਂਦੇ ਹਨ ਅਤੇ ਦੇਰ ਰਾਤ ਤੱਕ ਮੋਬਾਈਲ ਜਾਂ ਕੰਪਿਊਟਰ ਉੱਤੇ ਰੁੱਝੇ ਰਹਿੰਦੇ ਹਨ। ਪ੍ਰੀਖਿਆਵਾਂ, ਕੋਚਿੰਗ ਅਤੇ ਹੋਰ ਵਿਦਿਅਕ ਗਤੀਵਿਧੀਆਂ ਦੇ ਦਬਾਅ ਕਾਰਨ ਉਹ ਖਾਣੇ ਲਈ ਲੋੜੀਂਦਾ ਸਮਾਂ ਨਹੀਂ ਕੱਢ ਪਾਉਂਦੇ। ਕਈ ਵਾਰ ਭੁੱਖ ਲੱਗਣ 'ਤੇ ਉਹ ਚਿਪਸ, ਬਿਸਕੁਟ, ਇੰਸਟੈਂਟ ਨੂਡਲਜ਼ ਅਤੇ ਮਿੱਠੇ ਪੀਣ ਵਾਲੇ ਪਦਾਰਥਾਂ ਦਾ ਸਹਾਰਾ ਲੈਂਦੇ ਹਨ। ਅਜਿਹੀ ਜੀਵਨ-ਸ਼ੈਲੀ ਹੌਲੀ-ਹੌਲੀ ਸਿਹਤ ਨੂੰ ਪ੍ਰਭਾਵਿਤ ਕਰ ਸਕਦੀ ਹੈ। ਵਿਦਿਆਰਥੀਆਂ ਨੂੰ ਸਮੇਂ ਸਿਰ ਭੋਜਨ ਕਰਨ, ਲੋੜੀਂਦਾ ਪਾਣੀ ਪੀਣ ਅਤੇ ਪੌਸ਼ਟਿਕ ਨਾਸ਼ਤਾ ਕਰਨ ਦੀ ਆਦਤ ਵਿਕਸਿਤ ਕਰਨੀ ਚਾਹੀਦੀ ਹੈ। ਘਰੋਂ ਲਿਆਂਦਾ ਭੋਜਨ ਨਾ ਸਿਰਫ਼ ਸਿਹਤ ਲਈ ਬਿਹਤਰ ਹੋ ਸਕਦਾ ਹੈ, ਸਗੋਂ ਬੇਲੋੜੇ ਖਰਚੇ ਨੂੰ ਵੀ ਘਟਾਉਂਦਾ ਹੈ।

ਮਾਪਿਆਂ ਅਤੇ ਅਧਿਆਪਕਾਂ ਦੀ ਭੂਮਿਕਾ

ਬੱਚਿਆਂ ਅਤੇ ਨੌਜਵਾਨਾਂ ਦੀਆਂ ਖਾਣ-ਪੀਣ ਦੀਆਂ ਆਦਤਾਂ ਵਿਕਸਿਤ ਕਰਨ ਵਿੱਚ ਪਰਿਵਾਰ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਜੇਕਰ ਘਰ ਵਿੱਚ ਨਿਯਮਤ ਤੌਰ 'ਤੇ ਪੌਸ਼ਟਿਕ ਭੋਜਨ ਤਿਆਰ ਕੀਤਾ ਜਾਂਦਾ ਹੈ ਅਤੇ ਪਰਿਵਾਰ ਦੇ ਮੈਂਬਰ ਖੁਦ ਸੰਤੁਲਿਤ ਖੁਰਾਕ ਅਪਣਾਉਂਦੇ ਹਨ, ਤਾਂ ਬੱਚਿਆਂ ਉੱਤੇ ਇਸ ਦਾ ਸਕਾਰਾਤਮਕ ਪ੍ਰਭਾਵ ਪੈਂਦਾ ਹੈ।

ਮਾਪਿਆਂ ਨੂੰ ਬੱਚਿਆਂ ਉੱਤੇ ਸਿਰਫ਼ ਪਾਬੰਦੀਆਂ ਲਗਾਉਣ ਦੀ ਬਜਾਏ ਉਨ੍ਹਾਂ ਨੂੰ ਭੋਜਨ ਦੀ ਪੌਸ਼ਟਿਕ ਮਹੱਤਤਾ ਸਮਝਾਉਣੀ ਚਾਹੀਦੀ ਹੈ। ਉਨ੍ਹਾਂ ਨੂੰ ਫਲ, ਸਲਾਦ, ਦੁੱਧ, ਦਹੀਂ, ਦਾਲਾਂ ਅਤੇ ਹਰੀਆਂ ਸਬਜ਼ੀਆਂ ਖਾਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਵਿਦਿਅਕ ਸੰਸਥਾਵਾਂ ਨੂੰ ਵੀ ਇਸ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਚੁੱਕਣੇ ਚਾਹੀਦੇ ਹਨ। ਸਕੂਲਾਂ ਅਤੇ ਕਾਲਜਾਂ ਵਿੱਚ ਪੋਸ਼ਣ ਸਿੱਖਿਆ, ਸਿਹਤ ਜਾਗਰੂਕਤਾ ਪ੍ਰੋਗਰਾਮ ਅਤੇ ਸੰਤੁਲਿਤ ਭੋਜਨ ਦੀ ਮਹੱਤਤਾ ਬਾਰੇ ਗਤੀਵਿਧੀਆਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਕੈਂਟੀਨਾਂ ਵਿੱਚ ਪੌਸ਼ਟਿਕ ਖਾਧ ਪਦਾਰਥਾਂ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਵਿਦਿਆਰਥੀਆਂ ਨੂੰ ਦੱਸਿਆ ਜਾਣਾ ਚਾਹੀਦਾ ਹੈ ਕਿ ਚੰਗੀ ਸਿਹਤ ਉਨ੍ਹਾਂ ਦੀ ਵਿਦਿਅਕ ਸਫਲਤਾ ਅਤੇ ਨਿੱਜੀ ਵਿਕਾਸ ਦਾ ਆਧਾਰ ਹੈ।

ਸਿਹਤਮੰਦ ਵਿਕਲਪ ਅਪਣਾਉਣਾ ਜ਼ਰੂਰੀ

ਫਾਸਟ ਫੂਡ ਦੀ ਆਦਤ ਨੂੰ ਕਾਬੂ ਕਰਨ ਲਈ ਅਚਾਨਕ ਸਖ਼ਤ ਤਬਦੀਲੀਆਂ ਕਰਨ ਦੀ ਲੋੜ ਨਹੀਂ ਹੈ। ਛੋਟੇ-ਛੋਟੇ ਕਦਮ ਵੀ ਚੰਗੇ ਨਤੀਜੇ ਦੇ ਸਕਦੇ ਹਨ।

- ਪੀਜ਼ਾ ਅਤੇ ਬਰਗਰ ਦੀ ਥਾਂ ਘਰ ਵਿੱਚ ਬਣੇ ਪੌਸ਼ਟਿਕ ਭੋਜਨ ਨੂੰ ਤਰਜੀਹ ਦਿਓ।
- ਚਿਪਸ ਅਤੇ ਤਲੀਆਂ ਹੋਈਆਂ ਚੀਜ਼ਾਂ ਦੀ ਥਾਂ ਫਲ, ਭੁੰਨੇ ਛੋਲੇ, ਮਖਾਣੇ ਅਤੇ ਸੁੱਕੇ ਮੇਵੇ ਖਾਓ।
- ਮਿੱਠੇ ਸਾਫਟ ਡਰਿੰਕਸ ਦੀ ਥਾਂ ਪਾਣੀ, ਲੱਸੀ ਅਤੇ ਬਿਨਾਂ ਵਾਧੂ ਖੰਡ ਵਾਲੇ ਪੀਣ ਵਾਲੇ ਪਦਾਰਥ ਚੁਣੋ।
- ਭੋਜਨ ਵਿੱਚ ਹਰੀਆਂ ਸਬਜ਼ੀਆਂ, ਦਾਲਾਂ, ਸਾਬਤ ਅਨਾਜ ਅਤੇ ਮੌਸਮੀ ਫਲ ਸ਼ਾਮਲ ਕਰੋ।
- ਨਿਯਮਤ ਸਮੇਂ 'ਤੇ ਭੋਜਨ ਕਰੋ ਅਤੇ ਸਵੇਰ ਦਾ ਨਾਸ਼ਤਾ ਨਾ ਛੱਡੋ।
- ਹਰ ਰੋਜ਼ ਸਰੀਰਕ ਗਤੀਵਿਧੀਆਂ, ਖੇਡਾਂ ਅਤੇ ਕਸਰਤ ਲਈ ਸਮਾਂ ਕੱਢੋ।
- ਖਾਧ ਪਦਾਰਥ ਖਰੀਦਦੇ ਸਮੇਂ ਉਨ੍ਹਾਂ ਦੇ ਲੇਬਲ ਉੱਤੇ ਖੰਡ, ਨਮਕ, ਚਰਬੀ ਅਤੇ ਕੈਲੋਰੀ ਦੀ ਜਾਣਕਾਰੀ ਪੜ੍ਹੋ।

ਇਨ੍ਹਾਂ ਆਦਤਾਂ ਨੂੰ ਅਪਣਾ ਕੇ ਨੌਜਵਾਨ ਆਪਣੀ ਸਿਹਤ ਦੀ ਬਿਹਤਰ ਦੇਖਭਾਲ ਕਰ ਸਕਦੇ ਹਨ।

ਸਮਾਜ ਅਤੇ ਸਰਕਾਰ ਦੀ ਜ਼ਿੰਮੇਵਾਰੀ

ਫਾਸਟ ਫੂਡ ਸੱਭਿਆਚਾਰ ਕਾਰਨ ਪੈਦਾ ਹੋ ਰਹੀਆਂ ਸਿਹਤ ਸੰਬੰਧੀ ਚੁਣੌਤੀਆਂ ਦਾ ਹੱਲ ਸਿਰਫ਼ ਨਿੱਜੀ ਯਤਨਾਂ ਨਾਲ ਸੰਭਵ ਨਹੀਂ ਹੈ। ਇਸ ਲਈ ਪਰਿਵਾਰ, ਵਿਦਿਅਕ ਸੰਸਥਾਵਾਂ, ਖਾਧ ਉਦਯੋਗ ਅਤੇ ਸਰਕਾਰ ਨੂੰ ਵੀ ਆਪਣੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ।

ਖਾਧ ਪਦਾਰਥਾਂ ਦੀ ਗੁਣਵੱਤਾ, ਸਫ਼ਾਈ ਅਤੇ ਪੌਸ਼ਟਿਕ ਜਾਣਕਾਰੀ ਬਾਰੇ ਜਾਗਰੂਕਤਾ ਵਧਾਉਣੀ ਜ਼ਰੂਰੀ ਹੈ। ਖਾਧ ਪਦਾਰਥਾਂ ਦੇ ਇਸ਼ਤਿਹਾਰਾਂ ਵਿੱਚ ਗੁੰਮਰਾਹਕੁੰਨ ਦਾਅਵਿਆਂ ਨੂੰ ਰੋਕਣਾ ਅਤੇ ਖਪਤਕਾਰਾਂ ਨੂੰ ਸਹੀ ਜਾਣਕਾਰੀ ਮੁਹੱਈਆ ਕਰਵਾਉਣਾ ਵੀ ਮਹੱਤਵਪੂਰਨ ਹੈ। ਬੱਚਿਆਂ ਅਤੇ ਕਿਸ਼ੋਰਾਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਜਾਣ ਵਾਲੇ ਖਾਧ ਪਦਾਰਥਾਂ ਦੇ ਇਸ਼ਤਿਹਾਰਾਂ ਉੱਤੇ ਉਚਿਤ ਨਿਗਰਾਨੀ ਹੋਣੀ ਚਾਹੀਦੀ ਹੈ।

ਸਥਾਨਕ ਪੱਧਰ 'ਤੇ ਸਿਹਤਮੰਦ ਭੋਜਨ ਨੂੰ ਆਸਾਨੀ ਨਾਲ ਉਪਲਬਧ ਅਤੇ ਕਿਫ਼ਾਇਤੀ ਬਣਾਉਣਾ ਵੀ ਜ਼ਰੂਰੀ ਹੈ, ਤਾਂ ਜੋ ਪੌਸ਼ਟਿਕ ਭੋਜਨ ਸਿਰਫ਼ ਖੁਸ਼ਹਾਲ ਪਰਿਵਾਰਾਂ ਤੱਕ ਹੀ ਸੀਮਤ ਨਾ ਰਹੇ।

ਸਿਹਤ ਹੀ ਅਸਲ ਦੌਲਤ ਹੈ

ਜਵਾਨੀ ਜੀਵਨ ਦਾ ਉਹ ਮਹੱਤਵਪੂਰਨ ਸਮਾਂ ਹੈ ਜਦੋਂ ਵਿਕਸਿਤ ਕੀਤੀਆਂ ਆਦਤਾਂ ਭਵਿੱਖ ਦੀ ਸਿਹਤ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਉਮਰ ਵਿੱਚ ਜੇਕਰ ਵਿਅਕਤੀ ਸੰਤੁ

ਜ਼ਿੰਦਗੀ ਦੇ ਯਥਾਰਥ, ਮਨੁੱਖੀ ਸੰਵੇਦਨਾਵਾਂ ਅਤੇ ਸਮਾਜਿਕ ਸਰੋਕਾਰਾਂ ਦੀ ਸ਼ਾਇਰੀ : 'ਔੜ ਤੇ ਬਰਸਾਤ'

ਪੁਸਤਕ : ਔੜ ਤੇ ਬਰਸਾਤ
ਵਿਧਾ : ਗ਼ਜ਼ਲ ਸੰਗ੍ਰਹਿ।
ਲੇਖਕ : ਗੁਰਦੀਪ ਸਿੰਘ ਸੈਣੀ
ਪ੍ਰਕਾਸ਼ਕ : ਸੈਣੀ ਪਬਲੀਕੇਸ਼ਨ, ਬੰਗਾ
ਕੀਮਤ : 220/-
ਸਮੀਖਿਆ: ਯਾਦਵਿੰਦਰ ਸਿੰਘ ਕਲੌਲੀ
ਮੋਬਾਇਲ : 9568433853

ਪੰਜਾਬੀ ਗ਼ਜ਼ਲ ਦੇ ਖੇਤਰ ਵਿੱਚ ਗੁਰਦੀਪ ਸਿੰਘ ਸੈਣੀ ਦਾ ਗ਼ਜ਼ਲ-ਸੰਗ੍ਰਹਿ 'ਔੜ ਤੇ ਬਰਸਾਤ' ਇੱਕ ਅਜਿਹੀ ਕਾਵਿਕ ਰਚਨਾ ਹੈ, ਜਿਸ ਵਿੱਚ ਮਨੁੱਖੀ ਜੀਵਨ ਦੇ ਅਨੇਕਾਂ ਰੰਗਾਂ, ਸਮਾਜਿਕ ਵਿਸੰਗਤੀਆਂ, ਰਿਸ਼ਤਿਆਂ ਦੀਆਂ ਪੇਚੀਦਗੀਆਂ, ਪਿਆਰ, ਵਿਛੋੜੇ, ਸੰਘਰਸ਼ ਅਤੇ ਸਮੇਂ ਦੇ ਬਦਲਦੇ ਸਰੋਕਾਰਾਂ ਨੂੰ ਗ਼ਜ਼ਲ ਦੇ ਮਾਧਿਅਮ ਰਾਹੀਂ ਬੜੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ। ਸੈਣੀ ਪਬਲੀਕੇਸ਼ਨ, ਬੰਗਾ ਵੱਲੋਂ ਪ੍ਰਕਾਸ਼ਿਤ ਇਸ ਪੁਸਤਕ ਦਾ ਦੂਜਾ ਛਪਿਆ ਹੈ। ਇਸ ਸੰਗ੍ਰਹਿ ਵਿੱਚ ਕੁੱਲ 95 ਗ਼ਜ਼ਲਾਂ ਸ਼ਾਮਲ ਹਨ। ਪੁਸਤਕ ਆਪਣੇ ਮਰਹੂਮ ਪਿਤਾ ਸ. ਹਰਭਜਨ ਸਿੰਘ 'ਚਮਨ' ਨੂੰ ਸਮਰਪਿਤ ਹੈ, ਜੋ ਲੇਖਕ ਦੀ ਸਾਹਿਤਕ ਚੇਤਨਾ ਅਤੇ ਪਰਿਵਾਰਕ ਸੰਸਕਾਰਾਂ ਨਾਲ ਜੁੜੇ ਭਾਵਨਾਤਮਕ ਰਿਸ਼ਤੇ ਨੂੰ ਵੀ ਦਰਸਾਉਂਦਾ ਹੈ।


ਯਾਦਵਿੰਦਰ ਸਿੰਘ ਕਲੌਲੀ

ਪੁਸਤਕ ਦਾ ਸਿਰਲੇਖ 'ਔੜ ਤੇ ਬਰਸਾਤ' ਆਪਣੇ ਆਪ ਵਿੱਚ ਬਹੁਤ ਅਰਥਪੂਰਨ ਅਤੇ ਪ੍ਰਤੀਕਾਤਮਕ ਹੈ। ਪੁਸਤਕ ਦੇ ਮੁੱਖ ਪੰਨੇ ਉੱਤੇ ਸੁੱਕੀ ਧਰਤੀ ਦੀਆਂ ਤਰੇੜਾਂ ਅਤੇ ਉਸ ਉੱਤੇ ਵਰ੍ਹਦੀਆਂ ਬਰਸਾਤ ਦੀਆਂ ਬੂੰਦਾਂ ਦਾ ਚਿੱਤਰ ਇਸ ਸਿਰਲੇਖ ਦੀ ਭਾਵਨਾ ਨੂੰ ਹੋਰ ਗਹਿਰਾਈ ਦਿੰਦਾ ਹੈ। ਔੜ ਪਾਣੀ ਦੀ ਘਾਟ, ਤ੍ਰਿਸ਼ਨਾ, ਨਿਰਾਸ਼ਾ ਅਤੇ ਜੀਵਨ ਦੀਆਂ ਮੁਸ਼ਕਲਾਂ ਦਾ ਪ੍ਰਤੀਕ ਹੈ, ਜਦਕਿ ਬਰਸਾਤ ਉਮੀਦ, ਨਵੀਂ ਜ਼ਿੰਦਗੀ, ਖ਼ੁਸ਼ਹਾਲੀ ਅਤੇ ਸੰਭਾਵਨਾਵਾਂ ਦੀ ਪ੍ਰਤੀਨਿਧਤਾ ਕਰਦੀ ਹੈ। ਮਨੁੱਖੀ ਜੀਵਨ ਵੀ ਕਈ ਵਾਰ ਅਜਿਹੀ ਹੀ ਔੜ ਵਿੱਚੋਂ ਲੰਘਦਾ ਹੈ, ਜਿੱਥੇ ਦੁੱਖਾਂ ਅਤੇ ਸੰਘਰਸ਼ਾਂ ਦੀਆਂ ਤਰੇੜਾਂ ਪੈ ਜਾਂਦੀਆਂ ਹਨ, ਪਰ ਆਸ ਅਤੇ ਵਿਸ਼ਵਾਸ ਦੀਆਂ ਬੂੰਦਾਂ ਉਸ ਨੂੰ ਮੁੜ ਜਿਊਣ ਦਾ ਹੌਸਲਾ ਦਿੰਦੀਆਂ ਹਨ। ਲੇਖਕ ਨੇ ਇਸੇ ਜੀਵਨ-ਦਰਸ਼ਨ ਨੂੰ ਆਪਣੀਆਂ ਗ਼ਜ਼ਲਾਂ ਵਿੱਚ ਸ਼ਬਦਾਂ ਦਾ ਰੂਪ ਦਿੱਤਾ ਹੈ।

ਇਸ ਪੁਸਤਕ ਦੀਆਂ ਗ਼ਜ਼ਲਾਂ ਵਿੱਚ ਸਮਾਜਿਕ ਸਰੋਕਾਰਾਂ ਦੀ ਵਿਸ਼ੇਸ਼ ਥਾਂ ਹੈ। ਲੇਖਕ ਸਮਾਜ ਵਿੱਚ ਫੈਲੇ ਭ੍ਰਿਸ਼ਟਾਚਾਰ, ਸਿਆਸੀ ਮੌਕਾਪ੍ਰਸਤੀ, ਧਾਰਮਿਕ ਪਾਖੰਡ, ਰਿਸ਼ਤਿਆਂ ਵਿੱਚ ਆਈ ਗਿਰਾਵਟ ਅਤੇ ਮਨੁੱਖੀ ਕਦਰਾਂ-ਕੀਮਤਾਂ ਦੇ ਹੋ ਰਹੇ ਘਾਣ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੈ। ਉਹ ਸਮਾਜ ਦੀਆਂ ਬੁਰਾਈਆਂ ਨੂੰ ਸਿਰਫ਼ ਬਿਆਨ ਨਹੀਂ ਕਰਦਾ, ਸਗੋਂ ਉਨ੍ਹਾਂ ਉੱਤੇ ਵਿਅੰਗਮਈ ਅੰਦਾਜ਼ ਵਿੱਚ ਤਿੱਖੀ ਟਿੱਪਣੀ ਵੀ ਕਰਦਾ ਹੈ। ਵਿਸ਼ੇਸ਼ ਤੌਰ 'ਤੇ ਸਿਆਸਤਦਾਨਾਂ ਦੇ ਬਦਲਦੇ ਕਿਰਦਾਰ, ਸੱਤਾ ਦੀ ਦੁਰਵਰਤੋਂ ਅਤੇ ਲੋਕਾਂ ਦੀਆਂ ਮਜਬੂਰੀਆਂ ਨੂੰ ਆਪਣੀਆਂ ਗ਼ਜ਼ਲਾਂ ਵਿੱਚ ਬੜੀ ਬੇਬਾਕੀ ਨਾਲ ਪੇਸ਼ ਕਰਦਾ ਹੈ।

ਉਸ ਦੀ ਇੱਕ ਗ਼ਜ਼ਲ ਦਾ ਇਹ ਸ਼ੇਅਰ ਸਮੇਂ ਦੇ ਜ਼ਾਬਰਾਂ ਨਾਲ ਟੱਕਰ ਲੈਣ ਵਾਲੀ ਸੋਚ ਦਾ ਪ੍ਰਗਟਾਵਾ ਕਰਦਾ ਹੈ:-

ਪਾਣੀਆਂ ਦੇ ਨਾਲ ਨਾ ਹੀ ਪੱਥਰਾਂ ਦੇ ਨਾਲ ਹੈ,
ਟਾਕਰਾ ਸਾਡਾ ਸਮੇਂ ਦੇ ਜ਼ਾਬਰਾਂ ਦੇ ਨਾਲ ਹੈ।

ਇਨ੍ਹਾਂ ਸਤਰਾਂ ਵਿੱਚ ਕਵੀ ਦੀ ਸੰਘਰਸ਼ਸ਼ੀਲ ਮਾਨਸਿਕਤਾ ਅਤੇ ਅਨਿਆਂ ਵਿਰੁੱਧ ਖੜ੍ਹਨ ਦਾ ਹੌਸਲਾ ਸਪੱਸ਼ਟ ਦਿਖਾਈ ਦਿੰਦਾ ਹੈ। ਉਹ ਸਮੇਂ ਦੀਆਂ ਚੁਣੌਤੀਆਂ ਤੋਂ ਭੱਜਣ ਦੀ ਥਾਂ ਉਨ੍ਹਾਂ ਦਾ ਸਾਹਮਣਾ ਕਰਨ ਵਿੱਚ ਵਿਸ਼ਵਾਸ ਰੱਖਦਾ ਹੈ। ਇਸੇ ਤਰ੍ਹਾਂ ਸੱਚ ਬੋਲਣ ਦੀ ਹਿੰਮਤ, ਇਮਾਨਦਾਰੀ ਅਤੇ ਆਪਣੇ ਅਸੂਲਾਂ ਉੱਤੇ ਕਾਇਮ ਰਹਿਣ ਦਾ ਸੰਦੇਸ਼ ਵੀ ਉਸ ਦੀ ਸ਼ਾਇਰੀ ਵਿੱਚ ਵਾਰ-ਵਾਰ ਉੱਭਰਦਾ ਹੈ।

ਧਾਰਮਿਕ ਪਾਖੰਡ ਅਤੇ ਮਨੁੱਖਤਾ ਦੇ ਨਾਂ 'ਤੇ ਹੋ ਰਹੇ ਵਿਖਾਵੇ ਬਾਰੇ ਵੀ ਲੇਖਕ ਦੀ ਕਲਮ ਬਹੁਤ ਸਪੱਸ਼ਟ ਹੈ। ਉਹ ਧਰਮ ਨੂੰ ਮਨੁੱਖਤਾ, ਸੇਵਾ ਅਤੇ ਆਪਸੀ ਪਿਆਰ ਨਾਲ ਜੋੜ ਕੇ ਦੇਖਦਾ ਹੈ। ਉਸ ਅਨੁਸਾਰ ਧਾਰਮਿਕ ਅਸਥਾਨਾਂ ਦੀ ਬਾਹਰੀ ਚਮਕ-ਦਮਕ ਨਾਲੋਂ ਮਨੁੱਖ ਦੇ ਅੰਦਰਲੀ ਪਵਿੱਤਰਤਾ ਵਧੇਰੇ ਮਹੱਤਵਪੂਰਨ ਹੈ। ਮੰਦਰਾਂ, ਮਸਜਿਦਾਂ ਅਤੇ ਗੁਰਦੁਆਰਿਆਂ ਦੇ ਨਾਂ 'ਤੇ ਨਫ਼ਰਤ ਫੈਲਾਉਣ ਵਾਲਿਆਂ ਨੂੰ ਉਹ ਆਪਣੇ ਵਿਅੰਗ ਦਾ ਨਿਸ਼ਾਨਾ ਬਣਾਉਂਦਾ ਹੈ। ਉਸ ਦੀਆਂ ਗ਼ਜ਼ਲਾਂ ਵਿੱਚ ਧਾਰਮਿਕ ਸਹਿਣਸ਼ੀਲਤਾ ਅਤੇ ਮਨੁੱਖੀ ਏਕਤਾ ਦਾ ਸੁਨੇਹਾ ਮਿਲਦਾ ਹੈ।



ਪੁਸਤਕ ਦੀਆਂ ਕੁਝ ਗ਼ਜ਼ਲਾਂ ਵਿੱਚ ਸਿਆਸੀ ਵਿਵਸਥਾ ਉੱਤੇ ਕੀਤਾ ਗਿਆ ਵਿਅੰਗ ਵੀ ਖ਼ਾਸ ਧਿਆਨ ਖਿੱਚਦਾ ਹੈ। ਲੇਖਕ ਸਿਆਸਤ ਵਿੱਚ ਆਏ ਨੈਤਿਕ ਨਿਘਾਰ, ਵੋਟਾਂ ਦੀ ਰਾਜਨੀਤੀ, ਗ਼ਰੀਬੀ ਅਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਆਪਣੀ ਸ਼ਾਇਰੀ ਦਾ ਵਿਸ਼ਾ ਬਣਾਉਂਦਾ ਹੈ। ਉਹ ਸਵਾਲ ਕਰਦਾ ਹੈ ਕਿ ਲੋਕਤੰਤਰ ਵਿੱਚ ਆਮ ਆਦਮੀ ਦੀ ਆਵਾਜ਼ ਕਿੱਥੇ ਹੈ ਅਤੇ ਹੱਕਾਂ ਦੀ ਪ੍ਰਾਪਤੀ ਲਈ ਲੋਕਾਂ ਨੂੰ ਅੰਦੋਲਨ ਕਰਨ ਲਈ ਮਜਬੂਰ ਕਿਉਂ ਹੋਣਾ ਪੈਂਦਾ ਹੈ। ਇਸ ਪੱਖੋਂ ਪੰਨਾ 110 ਅਤੇ 111 ਦੀਆਂ ਗ਼ਜ਼ਲਾਂ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ। ਇਨ੍ਹਾਂ ਵਿੱਚ ਸਮਾਜਿਕ ਅਤੇ ਰਾਜਨੀਤਿਕ ਹਾਲਾਤਾਂ ਦਾ ਬੇਬਾਕ ਚਿਤਰਨ ਹੈ।

ਰਿਸ਼ਤਿਆਂ ਦੀ ਬਦਲਦੀ ਤਸਵੀਰ ਵੀ ਇਸ ਗ਼ਜ਼ਲ-ਸੰਗ੍ਰਹਿ ਦਾ ਇੱਕ ਅਹਿਮ ਪੱਖ ਹੈ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਮਨੁੱਖੀ ਰਿਸ਼ਤੇ ਕਿਵੇਂ ਸਵਾਰਥ ਅਤੇ ਲਾਭ-ਹਾਨੀ ਦੇ ਤੱਕੜੇ ਵਿੱਚ ਤੋਲੇ ਜਾਣ ਲੱਗੇ ਹਨ, ਇਸ ਗੱਲ ਦਾ ਅਹਿਸਾਸ ਲੇਖਕ ਨੂੰ ਬਹੁਤ ਡੂੰਘਾਈ ਨਾਲ ਹੈ। ਦੋਸਤੀ, ਮੁਹੱਬਤ, ਵਫ਼ਾਦਾਰੀ ਅਤੇ ਵਿਸ਼ਵਾਸ ਵਰਗੇ ਭਾਵਾਂ ਨੂੰ ਉਸ ਨੇ ਆਪਣੀ ਸ਼ਾਇਰੀ ਵਿੱਚ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਉਹ ਮਨੁੱਖ ਨੂੰ ਸੁਚੇਤ ਕਰਦਾ ਹੈ ਕਿ ਹਰ ਮੁਸਕਰਾਉਂਦਾ ਚਿਹਰਾ ਆਪਣਾ ਨਹੀਂ ਹੁੰਦਾ ਅਤੇ ਹਰ ਮਿੱਠੀ ਗੱਲ ਦੇ ਪਿੱਛੇ ਸੱਚਾਈ ਨਹੀਂ ਹੁੰਦੀ। ਪੰਨਾ 78 ਤੋਂ 84 ਤੱਕ ਦੀਆਂ ਗ਼ਜ਼ਲਾਂ ਵਿੱਚ ਅਜਿਹੇ ਅਨੁਭਵਾਂ ਦੀਆਂ ਕਈ ਪਰਤਾਂ ਸਾਹਮਣੇ ਆਉਂਦੀਆਂ ਹਨ।

ਮੁਹੱਬਤ ਗੁਰਦੀਪ ਸਿੰਘ ਸੈਣੀ ਦੀ ਸ਼ਾਇਰੀ ਦਾ ਇੱਕ ਹੋਰ ਮਹੱਤਵਪੂਰਨ ਪੱਖ ਹੈ। ਪਰ ਉਨ੍ਹਾਂ ਦੀ ਮੁਹੱਬਤ ਕੇਵਲ ਰਵਾਇਤੀ ਇਸ਼ਕ ਜਾਂ ਮਹਿਬੂਬ ਦੇ ਹੁਸਨ ਤੱਕ ਸੀਮਤ ਨਹੀਂ ਰਹਿੰਦੀ। ਇਸ ਵਿੱਚ ਵਿਛੋੜੇ ਦੀ ਪੀੜ, ਯਾਦਾਂ ਦੀ ਤੜਪ, ਉਡੀਕ, ਸਮਰਪਣ ਅਤੇ ਰੂਹਾਨੀਅਤ ਦਾ ਰੰਗ ਵੀ ਸ਼ਾਮਲ ਹੈ। ਉਹ ਇਸ਼ਕ ਨੂੰ ਜ਼ਿੰਦਗੀ ਦੇ ਅਨੁਭਵਾਂ ਨਾਲ ਜੋੜ ਕੇ ਦੇਖਦੇ ਹਨ। ਇਸ ਸੰਦਰਭ ਵਿੱਚ ਉਨ੍ਹਾਂ ਦਾ ਇਹ ਸ਼ੇਅਰ ਬਹੁਤ ਪ੍ਰਭਾਵਸ਼ਾਲੀ ਹੈ:

ਨਾਜ਼ੁਕੀ ਮੇਰੀ ਹੀ ਮੇਰੀ ਜ਼ਿੰਦਗੀ ਹੈ,
ਮੈਂ ਗ਼ਜ਼ਲ ਹਾਂ ਜ਼ਿੰਦਗੀ ਦਾ ਫ਼ਲਸਫ਼ਾ ਹਾਂ।

ਇਸ ਸ਼ੇਅਰ ਵਿੱਚ ਸ਼ਾਇਰ ਨੇ ਆਪਣੀ ਸ਼ਖ਼ਸੀਅਤ, ਆਪਣੀ ਕਾਵਿ-ਚੇਤਨਾ ਅਤੇ ਜੀਵਨ ਪ੍ਰਤੀ ਆਪਣੇ ਨਜ਼ਰੀਏ ਨੂੰ ਬੜੇ ਸੂਖਮ ਅੰਦਾਜ਼ ਵਿੱਚ ਪੇਸ਼ ਕੀਤਾ ਹੈ। ਇੱਥੇ ਗ਼ਜ਼ਲ ਸਿਰਫ਼ ਕਾਵਿ-ਵਿਧਾ ਨਹੀਂ ਰਹਿੰਦੀ, ਸਗੋਂ ਜੀਵਨ ਨੂੰ ਸਮਝਣ ਅਤੇ ਮਹਿਸੂਸ ਕਰਨ ਦਾ ਇੱਕ ਮਾਧਿਅਮ ਬਣ ਜਾਂਦੀ ਹੈ।

ਇਸ ਪੁਸਤਕ ਦੀਆਂ ਗ਼ਜ਼ਲਾਂ ਦਾ ਇੱਕ ਹੋਰ ਆਕਰਸ਼ਕ ਪੱਖ ਉਨ੍ਹਾਂ ਵਿੱਚ ਵਰਤੀ ਗਈ ਭਾਸ਼ਾ ਅਤੇ ਸ਼ਬਦਾਵਲੀ ਹੈ। ਲੇਖਕ ਨੇ ਪੰਜਾਬੀ ਦੀ ਲੋਕ-ਮੁਹਾਵਰੇਦਾਰ ਭਾਸ਼ਾ ਨੂੰ ਆਪਣੀ ਸ਼ਾਇਰੀ ਦਾ ਹਿੱਸਾ ਬਣਾਇਆ ਹੈ। ਉਸ ਦੇ ਸ਼ੇਅਰਾਂ ਵਿੱਚ ਕਈ ਥਾਵਾਂ 'ਤੇ ਅਜਿਹੇ ਮੁਹਾਵਰੇ, ਪ੍ਰਤੀਕ ਅਤੇ ਬਿੰਬ ਮਿਲਦੇ ਹਨ, ਜਿਹੜੇ ਪਾਠਕ ਦੇ ਮਨ ਵਿੱਚ ਤੁਰੰਤ ਆਪਣੀ ਥਾਂ ਬਣਾ ਲੈਂਦੇ ਹਨ। ਉਹ ਆਪਣੀ ਗੱਲ ਨੂੰ ਬੇਲੋੜਾ ਵਿਸਤਾਰ ਦੇਣ ਦੀ ਥਾਂ ਥੋੜ੍ਹੇ ਸ਼ਬਦਾਂ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਕਹਿਣ ਦੀ ਕੋਸ਼ਿਸ਼ ਕਰਦਾ ਹੈ। ਗ਼ਜ਼ਲ ਦੀ ਵਿਧਾ ਅਨੁਸਾਰ ਸ਼ੇਅਰਾਂ ਦੀ ਸੁਤੰਤਰਤਾ ਅਤੇ ਉਨ੍ਹਾਂ ਦੇ ਅਰਥਾਂ ਦੀ ਗਹਿਰਾਈ ਨੂੰ ਵੀ ਬਰਕਰਾਰ ਰੱਖਦਾ ਹੈ।

ਇੱਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਗੁਰਦੀਪ ਸਿੰਘ ਸੈਣੀ ਦੀ ਸ਼ਾਇਰੀ ਵਿੱਚ ਸਿਰਫ਼ ਸ਼ਿਕਾਇਤ ਜਾਂ ਨਿਰਾਸ਼ਾ ਹੀ ਨਹੀਂ, ਸਗੋਂ ਆਸ ਅਤੇ ਹੌਸਲੇ ਦੀ ਲਗਾਤਾਰ ਮੌਜੂਦਗੀ ਹੈ। ਉਹ ਮੁਸ਼ਕਲਾਂ ਦੇ ਬਾਵਜੂਦ ਅੱਗੇ ਵਧਣ, ਆਪਣੇ ਵਿਸ਼ਵਾਸ ਨੂੰ ਕਾਇਮ ਰੱਖਣ ਅਤੇ ਮਨੁੱਖਤਾ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿੰਦਾ ਹੈ। ਉਸ ਦੀਆਂ ਗ਼ਜ਼ਲਾਂ ਵਿੱਚ ਜੀਵਨ ਦੇ ਦੁੱਖਾਂ ਨੂੰ ਸਵੀਕਾਰ ਕਰਨ ਦੇ ਨਾਲ-ਨਾਲ ਉਨ੍ਹਾਂ ਨਾਲ ਜੂਝਣ ਦੀ ਚੇਤਨਾ ਵੀ ਹੈ। ਸਮੁੱਚੇ ਤੌਰ 'ਤੇ 'ਔੜ ਤੇ ਬਰਸਾਤ' ਗੁਰਦੀਪ ਸਿੰਘ ਸੈਣੀ ਦੀ ਲੰਮੇ ਸਮੇਂ ਦੀ ਸਾਹਿਤਕ ਸਾਧਨਾ, ਗ਼ਜ਼ਲ ਪ੍ਰਤੀ ਸਮਰਪਣ ਅਤੇ ਜੀਵਨ ਦੇ ਵੱਖ-ਵੱਖ ਅਨੁਭਵਾਂ ਦਾ ਕਾਵਿਕ ਦਸਤਾਵੇਜ਼ ਹੈ। ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਪਾਠਕ ਨੂੰ ਕੇਵਲ ਰਸਾਤਮਕ ਆਨੰਦ ਹੀ ਨਹੀਂ ਦਿੰਦੀਆਂ, ਸਗੋਂ ਉਸ ਨੂੰ ਸਮਾਜ, ਰਿਸ਼ਤਿਆਂ ਅਤੇ ਆਪਣੇ ਆਪ ਬਾਰੇ ਸੋਚਣ ਲਈ ਵੀ ਪ੍ਰੇਰਿਤ ਕਰਦੀਆਂ ਹਨ। ਇਸ ਪੁਸਤਕ ਦੀ ਅਸਲ ਪ੍ਰਾਪਤੀ ਇਹ ਹੈ ਕਿ ਇਸ ਵਿੱਚ ਸ਼ਾਇਰੀ ਅਤੇ ਜੀਵਨ ਇੱਕ-ਦੂਜੇ ਦੇ ਪੂਰਕ ਬਣ ਕੇ ਸਾਹਮਣੇ ਆਉਂਦੇ ਹਨ। ਨਿਸ਼ਚਿਤ ਤੌਰ 'ਤੇ ਇਹ ਗ਼ਜ਼ਲ-ਸੰਗ੍ਰਹਿ ਪੰਜਾਬੀ ਗ਼ਜ਼ਲ ਦੇ ਪਾਠਕਾਂ ਲਈ ਇੱਕ ਰੁਚਿਕਰ ਅਤੇ ਵਿਚਾਰਨਯੋਗ ਪੜ੍ਹਤ ਹੈ। ਗੁਰਦੀਪ ਸਿੰਘ ਸੈਣੀ ਦੀ ਕਲਮ ਤੋਂ ਭਵਿੱਖ ਵਿੱਚ ਵੀ ਅਜਿਹੀਆਂ ਹੋਰ ਸਾਰਥਕ ਅਤੇ ਸੰਵੇਦਨਸ਼ੀਲ ਰਚਨਾਵਾਂ ਦੀ ਉਮੀਦ ਕੀਤੀ ਜਾ ਸਕਦੀ ਹੈ।

ਗ਼ਜ਼ਲ

ਥੋੜ੍ਹਾ ਬਹੁਤ ਬਚਿਆ ਹੈ ਜੇਕਰ ਖ਼ਿਆਲ ਤੇਰਾ,
ਤਾਹੀਓਂ ਤਾਂ ਸਾਂਭਿਆ ਹੈ ਹੁਣ ਤੱਕ ਰੁਮਾਲ ਤੇਰਾ।
ਜੜ੍ਹੋਂ ਹੀ ਕੱਢ ਮਾਰਾਂ ਜੇਕਰ ਹੋਵੇ ਤਾਂ ਮੁਮਕਿਨ,
ਜ਼ਿਹਨ 'ਚੋਂ ਜਾਂਦਾ ਹੀ ਨਹੀਂ ਕਦੇ ਸਵਾਲ ਤੇਰਾ।
ਕੇਹਾ ਨਸੀਬ ਹੋਵੇ ਜੇ ਅੰਦਰੋਂ ਹੋ ਜਾਵੇ ਸਾਫ਼ ਕਦੇ,
ਰੋਮ-ਰੋਮ 'ਚ ਜੋ ਫੈਲਿਆ ਹੈ ਮੱਕੜਜਾਲ ਤੇਰਾ।
ਅਫ਼ਸੋਸ ਹੈ ਕਿ ਜਿੱਤ ਸਕਿਆ ਨਾ ਭਰੋਸਾ ਕਦੇ,
ਭਾਵੇਂ ਉਮਰ ਭਰ ਰਿਹਾ ਮੇਰਾ ਵਾਲ-ਵਾਲ ਤੇਰਾ।
ਝੱਲ ਸਕਦਾ ਹਨ ਜੇ ਸੂਰਜ ਨਾ ਨਿੱਘਰੇ ਤਾਉਮਰ,
ਪਰ ਨਹੀਂ ਸਹਿ ਹੋਣਾ ਪਲ ਲਈ ਵੀ ਜਵਾਲ ਤੇਰਾ।
ਰਾਤ ਭਰ ਰੋਂਦਾ ਰਹਿੰਦਾ ਹਾਂ ਯਾਦ ਕਰ-ਕਰ ਤੈਨੂੰ,
ਕੋਈ ਵਸੀਲਾ ਨਹੀਂ ਹੈ ਜੋ ਮੈਨੂੰ ਦੱਸੇ ਹਾਲ ਤੇਰਾ।

-ਪੰਕਜੇਸ਼ਵਰ

ਗ਼ਜ਼ਲ

ਥੋੜ੍ਹਾ ਬਹੁਤ ਬਚਿਆ ਹੈ ਜੇਕਰ ਖ਼ਿਆਲ ਤੇਰਾ,
ਤਾਹੀਓਂ ਤਾਂ ਸਾਂਭਿਆ ਹੈ ਹੁਣ ਤੱਕ ਰੁਮਾਲ ਤੇਰਾ।
ਜੜ੍ਹੋਂ ਹੀ ਕੱਢ ਮਾਰਾਂ ਜੇਕਰ ਹੋਵੇ ਤਾਂ ਮੁਮਕਿਨ,
ਜ਼ਿਹਨ 'ਚੋਂ ਜਾਂਦਾ ਹੀ ਨਹੀਂ ਕਦੇ ਸਵਾਲ ਤੇਰਾ।
ਕੇਹਾ ਨਸੀਬ ਹੋਵੇ ਜੇ ਅੰਦਰੋਂ ਹੋ ਜਾਵੇ ਸਾਫ਼ ਕਦੇ,
ਰੋਮ-ਰੋਮ 'ਚ ਜੋ ਫੈਲਿਆ ਹੈ ਮੱਕੜਜਾਲ ਤੇਰਾ।
ਅਫ਼ਸੋਸ ਹੈ ਕਿ ਜਿੱਤ ਸਕਿਆ ਨਾ ਭਰੋਸਾ ਕਦੇ,
ਭਾਵੇਂ ਉਮਰ ਭਰ ਰਿਹਾ ਮੇਰਾ ਵਾਲ-ਵਾਲ ਤੇਰਾ।
ਕੈਦ ਕੀਤੇ ਸਿਧਾਂਤ
ਹੇ ਬਾਬਾ ਨਾਨਕ !
ਤੇਰਾ ਕਿਰਤ ਕਰੋ
ਵੰਡ ਛਕੋ ਦਾ ਸਿਧਾਂਤ
ਅੱਜ ਕੱਲ੍ਹ ਗਰਮੀਆਂ ਵਿੱਚ
ਏ.ਸੀ. ਦੀ ਠੰਡੀ ਹਵਾ ਖਾਂਦਾ ਹੈ
ਠੰਢ ਨਾ ਲੱਗ ਜਾਏ
ਇਸ ਲਈ
ਸਰਦੀਆਂ ਆਉਣ ਤੋਂ ਪਹਿਲਾਂ ਹੀ
ਕਰ ਦਿੱਤਾ ਜਾਂਦਾ
ਮਖ਼ਮਲੀ ਗੱਦੇ ਤੇ ਰਜਾਈ ਦਾ ਪ੍ਰਬੰਧ।
ਅਸੀਂ ਨਹੀਂ ਚਾਹੁੰਦੇ ਤੇਰੇ ਵਾਂਗ
ਤੇਰੇ ਸਿਧਾਂਤਾਂ ਤੇ ਵਿਚਾਰਾਂ ਨੂੰ
ਘਰ-ਘਰ ਤੱਕ ਪਹੁੰਚਾਉਣਾ
ਸਾਨੂੰ ਤਾਂ ਡਰ ਰਹਿੰਦਾ
ਕਿਤੇ ਕੋਈ ਚੋਗੀ ਨਾ ਕਰ ਲਵੇ
ਤੇਰੀ ਸੋਚ ਨੂੰ
ਏਸੇ ਲਈ
ਚਾਰੇ ਦਿਸ਼ਾਵਾਂ ਦੀ ਯਾਤਰਾ ਕਰਨ
ਵਾਲੇ ਨੂੰ
ਕੈਦ ਕਰ ਦਿੱਤਾ
ਵੱਡੇ-ਵੱਡੇ ਜਿੰਦਰਿਆਂ
ਤੇ ਸੀ.ਸੀ.ਟੀ.ਵੀ. ਕੈਮਰਿਆਂ ਵਿੱਚ।
ਸਾਨੂੰ ਤਾਂ
ਇਹ ਵੀ ਡਰ ਰਹਿੰਦਾ
ਜੇ ਤੇਰੇ ਵਿਚਾਰ
ਆਮ ਲੋਕਾਂ ਤੱਕ ਪਹੁੰਚ ਗਏ
ਫਿਰ ਇਹ ਗੋਲਕਾਂ ਤੇਰਾ
ਨਾਮ ਲੈਣਾ ਹੀ ਛੱਡ ਦੇਣਗੀਆਂ
ਉਹ ਦੁਕਾਨਾਂ ਬੰਦ ਹੋ ਜਾਣਗੀਆਂ
ਜੋ ਅਸੀਂ ਨੌਵੇਂ ਗੁਰੂ ਸਮੇਂ ਲਾਈਆਂ
ਸਨ
ਤੇ ਹੁਣ ਇਹ ਧੜੱਲੇ ਨਾਲ? ਚੱਲ
ਰਹੀਆਂ ਨੇ
ਇਸ ਦਾ ਕਾਰਨ
ਤੇਰੇ ਸਿਧਾਂਤਾਂ ਨੂੰ ਦਿੱਤੀ
ਉਮਰ ਕੈਦ ਹੀ ਹੈ।
ਹੁਣ ਅਸੀਂ
ਗੁਰੂ ਕੀ ਗੋਲਕ ਨੂੰ
ਗ਼ਰੀਬ ਦਾ ਮੂੰਹ ਨਹੀਂ ਰਹਿਣ ਦਿੱਤਾ
ਸਗੋਂ ਉਸ ਨੂੰ
ਆਪਣੇ ਚਿੱਟੇ ਕੁੜਤਿਆਂ ਦੇ
ਗੀਝੇ ਵਿਚ ਪਾ ਲਿਆ ਹੈ
ਇਹ ਤਾਂ ਹੀ ਭਰਦੇ ਨੇ
ਜੇ ਅਸੀਂ ਲੋਕਾਂ ਨੂੰ
ਤੇਰੇ ਸਿਧਾਂਤਾਂ ਤੋਂ ਦੂਰ ਰੱਖਦੇ ਹਾਂ
ਇਸ ਲਈ ਜ਼ਰੂਰੀ ਏ
ਨਵੇਂ-ਨਵੇਂ ਅੰਧਵਿਸ਼ਵਾਸ ਪੈਦਾ ਕਰ ਕੇ
ਲੋਕਾਂ ਨੂੰ ਵਹਿਮਾ-ਭਰਮਾਂ ਵਿੱਚ
ਫਸਾ ਕੇ ਰੱਖਣਾ।
ਪਰ ਅਸੀਂ
ਏਨੇ ਵੀ ਜ਼ਾਲਮ ਨਹੀਂ ਹਾਂ
ਤੇਰੀ ਸੋਚ ਨੂੰ ਉਡਾਰੀ ਭਰਨ ਲਈ
ਦਿੱਤੇ ਹੋਏ ਨੇ ਦੋ ਵਕਤ
ਉਦੋਂ ਪਾਠੀ ਸਾਹਿਬਾਨ
ਸਪੀਕਰ ਦੀ ਆਵਾਜ਼ ਉੱਚੀ

ਪੰਜਾਬ ਦੀ ਅਮਨ-ਸ਼ਾਂਤੀ ਤੇ ਖ਼ੁਸ਼ਹਾਲੀ ਲਈ ਭਾਜਪਾ-ਅਕਾਲੀ ਦਲ ਦਾ ਮੁੜ ਗੱਠਜੋੜ ਇਤਿਹਾਸਕ ਕਦਮ: ਨਰਿੰਦਰ ਸਿੰਘ ਰਾਣਾ

ਪੈ.ਗਾਮ-ਏ-ਜਗਤ/ਖਰੜ
25 ਨਵੰਬਰ, (ਤਿਲਕ ਰਾਜ)

ਪੰਜਾਬ ਦੀ ਅਮਨ-ਸ਼ਾਂਤੀ, ਭਾਈਚਾਰਕ ਸਾਂਝ ਅਤੇ ਖ਼ੁਸ਼ਹਾਲੀ ਲਈ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਮੁੜ ਇਕੱਠੇ ਹੋਣਾ ਇੱਕ ਇਤਿਹਾਸਕ ਕਦਮ ਹੈ। ਇਸ ਇਤਿਹਾਸਕ ਸਾਂਝ ਦਾ ਦਿਲੋਂ ਸਵਾਗਤ ਕਰਦਿਆਂ ਭਾਜਪਾ ਪੰਜਾਬ ਦੇ ਸੀਨੀਅਰ ਆਗੂ ਨਰਿੰਦਰ ਸਿੰਘ ਰਾਣਾ ਨੇ ਕਿਹਾ ਕਿ ਇਹ ਗੱਠਜੋੜ ਪੰਜਾਬ ਦੀ ਤਰੱਕੀ, ਖ਼ੁਸ਼ਹਾਲੀ, ਅਮਨ-ਸ਼ਾਂਤੀ ਅਤੇ ਸੁਨਹਿਰੀ ਭਵਿੱਖ ਲਈ ਨਵੀਂ ਉਮੀਦ ਦਾ ਸੰਚਾਰ ਕਰੇਗਾ।ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਪੁਰਬ ਮੌਕੇ ਇਸ ਗੱਠਜੋੜ ਦਾ ਐਲਾਨ ਪੰਜਾਬ ਦੀ ਭਾਈਚਾਰਕ ਸਾਂਝ, ਏਕਤਾ ਅਤੇ ਸੂਬੇ ਦੀ ਬਿਹਤਰੀ ਲਈ ਇੱਕ ਨਵੇਂ ਸੰਕਲਪ ਦਾ ਪ੍ਰਤੀਕ ਹੈ। ਪੰਜਾਬ ਦੀਆਂ ਦੋਵੇਂ ਰਵਾਇਤੀ ਸਿਆਸੀ ਧਿਰਾਂ ਦਾ ਇਕੱਠੇ ਹੋਣਾ ਸੂਬੇ ਨੂੰ ਵਿਕਾਸ ਅਤੇ ਖ਼ੁਸ਼ਹਾਲੀ ਦੀ ਨਵੀਂ ਦਿਸ਼ਾ ਦੇਣ ਵਿੱਚ ਅਹਿਮ ਭੂਮਿਕਾ ਨਿਭਾਏਗਾ।



ਨਰਿੰਦਰ ਸਿੰਘ ਰਾਣਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਅਖੌਤੀ ਬਦਲਾਅ ਦੇ ਰਾਜ ਵਿੱਚ ਪੰਜਾਬ ਨਸ਼ਿਆਂ, ਗੈਂਗਸਟਰਵਾਦ, ਫਿਰੌਤੀਆਂ, ਬੇਰੁਜ਼ਗਾਰੀ ਅਤੇ ਵਿਗੜਦੀ ਕਾਨੂੰਨ-ਵਿਵਸਥਾ ਵਰਗੀਆਂ ਗੰਭੀਰ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਪੰਜਾਬ ਨੂੰ ਇਨ੍ਹਾਂ ਚੁਣੌਤੀਆਂ ਤੋਂ ਮੁਕਤ ਕਰਵਾਉਣਾ, ਸੂਬੇ ਵਿੱਚ ਅਮਨ-ਕਾਨੂੰਨ ਦੀ ਬਹਾਲੀ ਅਤੇ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨਾ ਸਾਡੀ ਮੁੱਖ ਤਰਜੀਹ ਹੋਵੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਸੂਬੇ ਵਿੱਚ ਹੀ ਰੁਜ਼ਗਾਰ ਦੇ ਵਧੀਆ ਮੌਕੇ ਮੁਹੱਈਆ ਕਰਵਾਉਣ, ਮੁਲਾਜ਼ਮਾਂ ਦੇ ਹੱਕਾਂ ਅਤੇ ਮਾਣ-ਸਨਮਾਨ ਦੀ ਬਹਾਲੀ ਕਰਨ ਦੇ ਨਾਲ-ਨਾਲ ਕਿਸਾਨਾਂ, ਵਪਾਰੀਆਂ ਅਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਚਨਬੱਧ ਹੋ ਕੇ ਕੰਮ ਕੀਤਾ ਜਾਵੇਗਾ।

ਉਨ੍ਹਾਂ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀਆਂ ਵਿਕਾਸਮੁਖੀ ਅਤੇ ਲੋਕ-ਪੱਖੀ ਨੀਤੀਆਂ ਨੂੰ ਪੰਜਾਬ ਦੇ ਹਰ ਪਿੰਡ ਅਤੇ ਹਰ ਘਰ ਤੱਕ ਪਹੁੰਚਾਇਆ ਜਾਵੇਗਾ। ਡਬਲ ਇੰਜਣ ਸਰਕਾਰ ਦੀ ਤਾਕਤ ਅਤੇ ਪੰਜਾਬ ਦੀ ਮਿੱਟੀ ਨਾਲ ਜੁੜੀ ਲੀਡਰਸ਼ਿਪ ਦੇ ਸੁਮੇਲ ਨਾਲ ਸੂਬੇ ਨੂੰ ਵਿਕਾਸ ਦੀਆਂ ਨਵੀਆਂ ਬੁਲੰਦੀਆਂ 'ਤੇ ਪਹੁੰਚਾਉਣ ਦਾ ਸੰਕਲਪ ਹੈ।ਨਰਿੰਦਰ ਸਿੰਘ ਰਾਣਾ ਨੇ ਕਿਹਾ ਕਿ ਪੰਜਾਬ ਨੂੰ ਮੁੜ ਦੇਸ਼ ਦਾ ਮੋਹਰੀ, ਸੁਰੱਖਿਅਤ, ਨਸ਼ਾ-ਮੁਕਤ ਅਤੇ ਖ਼ੁਸ਼ਹਾਲ ਸੂਬਾ ਬਣਾਉਣ ਲਈ ਭਾਜਪਾ-ਅਕਾਲੀ ਦਲ ਦਾ ਇਹ ਗੱਠਜੋੜ ਇੱਕ ਨਵੀਂ ਉਮੀਦ ਲੈ ਕੇ ਆਇਆ ਹੈ। ਪੰਜਾਬ ਨੂੰ ਨਸ਼ਿਆਂ, ਗੈਂਗਸਟਰਵਾਦ ਅਤੇ ਬੇਅਮਨੀ ਤੋਂ ਬਚਾਉਣ ਲਈ ਲੋਕਾਂ ਨੂੰ ਇੱਕ ਮਜ਼ਬੂਤ ਵਿਕਲਪ ਦਾ ਸਮਰਥਨ ਕਰਨਾ ਚਾਹੀਦਾ ਹੈ, ਤਾਂ ਜੋ ਪੰਜਾਬ ਨੂੰ ਤਰੱਕੀ ਅਤੇ ਖ਼ੁਸ਼ਹਾਲੀ ਦੇ ਰਾਹ 'ਤੇ ਮੁੜ ਅੱਗੇ ਲਿਜਾਇਆ ਜਾ ਸਕੇ।

ਪਿੰਡ ਭਾਂਖਰ ਦੇ ਪੀ.ਐਮ. ਸਕੂਲ ਵਿਖੇ ਸੁਰੱਖਿਆ, ਫਸਟ ਏਡ, ਫਾਇਰ ਸੇਫਟੀ, ਦਿਲ ਦੇ ਦੌਰੇ, ਸੀ.ਪੀ.ਆਰ. ਬਾਰੇ ਜਾਣਕਾਰੀ ਕਰਵਾਈ : ਡਾਕਟਰ ਕਰਮਜੀਤ ਕੌਰ

ਪਟਿਆਲਾ, 25 ਨਵੰਬਰ
(ਪੈ.ਗਾਮ-ਏ-ਜਗਤ)

ਪੀ ਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਭਾਂਖਰ ਦੇ ਪ੍ਰਿੰਸੀਪਲ ਡਾਕਟਰ ਕਰਮਜੀਤ ਕੌਰ ਵਲੋਂ ਵਿਦਿਆਰਥੀਆਂ ਅਧਿਆਪਕਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਸਿਹਤ, ਸੁਰੱਖਿਆ, ਐਮਰਜੈਂਸੀ ਦੌਰਾਨ ਹਾਦਸਿਆਂ ਨੂੰ ਰੋਕਣ ਅਤੇ ਪੀੜਤਾਂ ਦੀ ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ ਸਬੰਧੀ ਟ੍ਰੇਨਿੰਗ ਦਿਲਵਾਉਣ ਲਈ ਵਿਸ਼ੇਸ਼ ਕੈਂਪ ਲਗਾਇਆ। ਉਨ੍ਹਾਂ ਨੇ ਕਿਹਾ ਕਿ ਪਿੰਡਾਂ ਦੇ ਬੱਚਿਆਂ ਅਤੇ ਪਿੰਡ ਵਾਸੀਆਂ ਨੂੰ ਆਫ਼ਤ ਪ੍ਰਬੰਧਨ, ਫਸਟ ਏਡ, ਫਾਇਰ ਸੇਫਟੀ, ਦਿਲ ਦਿਮਾਗ, ਲੀਵਰ, ਫੇਫੜਿਆਂ ਦੀਆਂ ਬਿਮਾਰੀਆਂ ਤੋਂ ਬਚਣ ਦੀ ਜਾਣਕਾਰੀ ਦਿਲਵਾਉਣ ਅਤੇ ਐਮਰਜੈਂਸੀ ਦੌਰਾਨ ਪੀੜਤਾਂ ਨੂੰ ਬਚਾਉਣ ਲਈ ਫਸਟ ਏਡ, ਸੇਫਟੀ, ਸਿਹਤ ਜਾਗਰੂਕਤਾ ਮਿਸ਼ਨ ਦੇ ਚੀਫ ਟ੍ਰੇਨਰ ਸ਼੍ਰੀ ਕਾਕਾ ਰਾਮ ਵਰਮਾ ਨੇ ਅਚਾਨਕ ਵਾਪਰਨ ਵਾਲੀਆਂ ਦੁਰਘਟਨਾਵਾਂ, ਦਿਲ ਦੇ ਦੌਰੇ, ਕਾਰਡੀਅਕ ਅਰੈਸਟ, ਬੇਹੋਸ਼ੀ, ਸਦਮੇਂ, ਰਤਵਾਹ , ਗੈਸਾਂ ਲੀਕ ਹੋਣ, ਬਿਜਲੀ ਕਰੰਟ, ਅੱਗਾਂ ਲਗਣ ਸਮੇਂ ਕੀਮਤੀ ਜਾਨਾਂ ਅਤੇ ਪ੍ਰਾਪਰਟੀਆਂ ਨੂੰ ਬਚਾਉਣ ਦੀਆਂ ਟ੍ਰੇਨਿੰਗਾਂ ਦਿੱਤੀਆਂ। ਉਨ੍ਹਾਂ ਨੇ ਘਰਾਂ ਵਿੱਚ ਬਿਜਲੀ, ਗੈਸਾਂ, ਅੰਗੀਠੀਆਂ, ਹਿੱਟਰ, ਬਾਲਣ ਦੀ ਵਰਤੋਂ ਕਰਕੇ ਹਾਦਸੇ ਘਟਾਉਣ ਦੀ ਵੱਡਮੁੱਲੀ ਜਾਣਕਾਰੀ ਦਿੱਤੀ।



ਉਨ੍ਹਾਂ ਨੇ ਦੱਸਿਆ ਕਿ ਸਾਹ, ਦਿਲ, ਦਿਮਾਗੀ ਕਿਰਿਆਵਾਂ ਬੰਦ ਹੋਣ, ਖੂਨ ਨਿਕਲਣ, ਚੋਕਿੰਗ ਬਲੱਡ ਪਰੈਸ਼ਰ, ਸ਼ੂਗਰ ਦੇ ਘਟਣ, ਗੈਸਾਂ, ਧੂੰਏਂ ਮਲਵੇ ਵਿੱਚ ਫ਼ਸੇ ਲੋਕਾਂ ਨੂੰ ਫਸਟ ਏਡ, ਵੈਂਟੀਲੈਟਰ ਪੁਜੀਸ਼ਨ, ਸੀ ਪੀ ਆਰ ਕਰਕੇ ਬਚਾਇਆ ਜਾ ਸਕਦਾ ਹੈ। ਉਨ੍ਹਾਂ ਨੇ ਬੱਚਿਆਂ ਨੂੰ ਕਿਡਨੈਪਿੰਗ, ਘਰੋਂ ਭਜਣ, ਮਾੜੇ ਅਨਸਰਾਂ ਨਾਲ ਸਬੰਧ ਰੱਖਣ, ਗ਼ਲਤ ਗਤੀਵਿਧੀਆਂ ਕਰਨ ਕਰਕੇ ਪੋਕਸੋ ਐਕਟ ਤਹਿਤ ਹੋਣ ਵਾਲੀਆਂ ਜਾਣਕਾਰੀ ਦਿੱਤੀ।

ਸੰਜਾਵਾ ਬਾਰੇ ਸਮਝਾਇਆ।

ਸੱਸੀ ਮਾਨ, ਇੰਚਾਰਜ, ਇੰਦਰਪ੍ਰੀਤ ਕੌਰ ਪ੍ਰੋਗਰਾਮ ਕੌਆਰਡੀਨੇਟਰ ਅਤੇ ਅਧਿਆਪਕਾਂ ਵਿਦਿਆਰਥੀਆਂ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਵਧ ਰਹੀਆਂ ਆਪਦਾਵਾਂ, ਬਿਮਾਰੀਆਂ ਘਰੇਲੂ ਘਟਨਾਵਾਂ ਨਸ਼ਿਆਂ ਅਪਰਾਧਾਂ ਬੱਚਿਆਂ ਦੇ ਘਰੋਂ ਭਜਣ ਨੂੰ ਰੋਕਣ ਅਤੇ ਕੀਮਤੀ ਜਾਨਾਂ ਬਚਾਉਣ ਦੀ ਟ੍ਰੇਨਿੰਗਾਂ ਪਿੰਡਾਂ ਦੇ ਬੱਚਿਆਂ, ਅਧਿਆਪਕਾਂ ਅਤੇ ਪਿੰਡ ਵਾਸੀਆਂ ਲਈ ਬਹੁਤ ਲਾਭਦਾਇਕ ਹਨ। ਸ਼੍ਰੀ ਕਾਕਾ ਰਾਮ ਵਰਮਾ ਸੀਨੀਅਰ, ਸੀਨੀਅਰ ਸਿਟੀਜਨ ਅਤੇ ਸੇਵਾ ਮੁਕਤ ਅਫਸਰ ਹੋਣ ਮਗਰੋਂ ਵੀ ਮੁਫ਼ਤ ਵਿੱਚ ਵਿਦਿਆਰਥੀਆਂ ਅਧਿਆਪਕਾਂ ਅਤੇ ਲੋਕਾਂ ਨੂੰ ਪੀੜਤਾਂ ਦੇ ਮਦਦਗਾਰ ਫ਼ਰਿਸ਼ਤੇ ਬਣਾਉਣ ਲਈ ਪ੍ਰਸੰਸਾਯੋਗ ਉਪਰਾਲੇ ਕੀਤੇ ਜਾ ਰਹੇ ਹਨ।

ਅੰਤਰਰਾਸ਼ਟਰੀ ਕਾਨਫਰੰਸ ਵਿੱਚ ਏਓਰਟਿਕ ਵਾਲਵ ਸਰਜਰੀ ਦੀ ਤਕਨੀਕ ਪੇਸ਼ ਕੀਤੀ

ਖੰਨਾ, (ਪੈ.ਗਾਮ-ਏ-ਜਗਤ)

ਕਾਰਡੀਓਥੋਰੇਸਿਕ ਅਤੇ ਵੈਸਕੁਲਰ ਸਰਜਰੀ ਦੇ ਸੀਨੀਅਰ ਸਰਜਨ ਚੇਅਰਮੈਨ ਡਾ. ਹਰਿੰਦਰ ਸਿੰਘ ਬੇਦੀ ਨੇ ਨਵੀਂ ਦਿੱਲੀ ਵਿੱਚ ਆਯੋਜਿਤ ਇੱਕ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਏਓਰਟਿਕ ਵਾਲਵ ਦੇ ਸਰਜੀਕਲ ਇਲਾਜ ਨਾਲ ਸਬੰਧਤ ਇੱਕ ਤਕਨੀਕ ਪੇਸ਼ ਕੀਤੀ। ਇਸ ਤਕਨੀਕ ਵਿੱਚ ਏਓਰਟਿਕ ਐਨੂਲਸ (ਵਾਲਵ ਦੇ ਆਧਾਰ ਦੀ ਬਣਤਰ) ਨੂੰ ਵੱਡਾ ਕਰਨ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ ਗਈ, ਜੋ ਏਓਰਟਿਕ ਵਾਲਵ ਰਿਪਲੇਸਮੈਂਟ ਕਰਵਾਉਣ ਵਾਲੇ ਚੋਣਵੇਂ ਮਰੀਜ਼ਾਂ ਲਈ ਇੱਕ ਵਾਧੂ ਸਰਜੀਕਲ ਵਿਕਲਪ ਹੋ ਸਕਦੀ ਹੈ।

ਇਸ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਸੋਸਾਇਟੀ ਆਫ ਮਿਨੀਮਲੀ ਇਨਵੇਸਿਵ ਕਾਰਡੀਓਵੈਸਕੁਲਰ ਐਂਡ ਥੋਰੇਸਿਕ ਸਰਜਨਜ਼ ਆਫ ਇੰਡੀਆ, ਐਸੋਸੀਏਸ਼ਨ ਆਫ ਥੋਰੇਸਿਕ ਐਂਡ ਕਾਰਡੀਓਵੈਸਕੁਲਰ ਸਰਜਨਜ਼ ਆਫ ਏਸ਼ੀਆ, ਇੰਟਰਨੈਸ਼ਨਲ ਕੋਰੋਨਰੀ ਕਾਂਗਰਸ ਅਤੇ ਇੰਟਰਨੈਸ਼ਨਲ ਸੋਸਾਇਟੀ ਫਾਰ ਮਿਨੀਮਲੀ ਇਨਵੇਸਿਵ ਕਾਰਡੀਓਥੋਰੇਸਿਕ ਸਰਜਰੀ ਦੇ ਸਹਿਯੋਗ ਨਾਲ ਦੇਸ਼-ਵਿਦੇਸ਼ ਦੇ ਪ੍ਰਮੁੱਖ ਹਿਰਦਾ ਰੋਗ ਮਾਹਿਰਾਂ ਅਤੇ ਸਰਜਨਾਂ ਨੇ ਸ਼ਿਰਕਤ ਕੀਤੀ।



ਡਾ. ਬੇਦੀ ਦੀ ਪੇਸ਼ਕਾਰੀ ਵਿੱਚ ਏਓਰਟਿਕ ਵਾਲਵ ਦੀ ਬਿਮਾਰੀ ਤੋਂ ਪੀੜਤ ਉਨ੍ਹਾਂ ਚੋਣਵੇਂ ਮਰੀਜ਼ਾਂ ਵਿੱਚ ਏਓਰਟਿਕ ਐਨੂਲਸ ਨੂੰ ਵੱਡਾ ਕਰਨ ਦੀ ਸਰਜੀਕਲ ਤਕਨੀਕ ਬਾਰੇ ਚਰਚਾ ਕੀਤੀ ਗਈ, ਜਿਨ੍ਹਾਂ ਦੇ ਵਾਲਵ ਦਾ ਆਧਾਰ ਮੁਕਾਬਲਤਨ ਛੋਟਾ ਹੁੰਦਾ ਹੈ। ਇਹ ਉਹ ਬਣਤਰ ਹੈ ਜਿਸ ਉੱਤੇ ਬਦਲਵਾਂ ਵਾਲਵ ਲਗਾਇਆ ਜਾਂਦਾ ਹੈ। ਅਜਿਹੇ ਮਾਮਲਿਆਂ ਵਿੱਚ ਐਨੂਲਸ ਨੂੰ ਵੱਡਾ ਕਰਨ ਨਾਲ ਢੁਕਵੇਂ ਆਕਾਰ ਦਾ ਨਕਲੀ ਵਾਲਵ ਲਗਾਉਣ ਵਿੱਚ ਮਦਦ ਮਿਲ ਸਕਦੀ ਹੈ।

ਡਾ. ਬੇਦੀ ਨੇ ਕਿਹਾ ਕਿ ਇਹ ਤਕਨੀਕ ਚੋਣਵੇਂ ਮਰੀਜ਼ਾਂ ਲਈ ਇੱਕ ਵਾਧੂ ਸਰਜੀਕਲ ਵਿਕਲਪ ਮੁਹੱਈਆ ਕਰਵਾ ਸਕਦੀ ਹੈ। ਹਾਲਾਂਕਿ, ਇਸ ਦੀ ਵਰਤੋਂ ਮਰੀਜ਼ ਦੀ ਵਿਅਕਤੀਗਤ ਮੈਡੀਕਲ ਸਥਿਤੀ ਦੇ ਮੁਲਾਂਕਣ, ਸੂਚਿਤ ਸਹਿਮਤੀ, ਹਸਪਤਾਲ ਦੇ ਨਿਰਧਾਰਤ ਪ੍ਰੋਟੋਕੋਲ ਅਤੇ ਸਥਾਪਿਤ ਡਾਕਟਰੀ ਮਾਪਦੰਡਾਂ ਅਨੁਸਾਰ ਹੀ ਕੀਤੀ ਜਾਣੀ ਚਾਹੀਦੀ ਹੈ।

ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਦੀ ਸਮੀਖਿਆ ਲਈ ਇੱਕ ਦਸੰਬਰ ਨੂੰ ਇਲੈਕਟੋਰਲ ਰੋਲ ਅਬਜ਼ਰਵਰ ਕਰਨਗੇ ਰਾਜਨੀਤਿਕ ਪਾਰਟੀਆਂ ਨਾਲ ਮੀਟਿੰਗ

ਸਾਹਿਬਜ਼ਾਦਾ ਅਜੀਤ ਸਿੰਘ ਨਗਰ
25 ਨਵੰਬਰ (ਪੈ.ਗਾਮ-ਏ-ਜਗਤ)

- **ਵੋਟ ਸਬੰਧੀ ਸ਼ਿਕਾਇਤਾਂ ਅਤੇ ਇਤਰਾਜ਼ ਸੁਣਨ ਲਈ ਵੀ ਉਪਲਬਧ ਰਹਿਣਗੇ ਇਲੈਕਟੋਰਲ ਰੋਲ ਅਬਜ਼ਰਵਰ: ਡਿਪਟੀ ਕਮਿਸ਼ਨਰ**

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਸ੍ਰੀ ਅਦਿੱਤਿਆ ਡਚਲਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਦੇ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸਰਸਰੀ ਸੁਧਾਈ (ਐਸ.ਐਸ.ਆਰ.) ਦੀ ਪ੍ਰਕਿਰਿਆ ਦੀ ਸਮੀਖਿਆ ਲਈ ਮੁੱਖ ਚੋਣ ਅਧਿਕਾਰੀ, ਪੰਜਾਬ ਵੱਲੋਂ ਕਮਿਸ਼ਨਰ ਰੂਪਨਗਰ ਮੰਡਲ, ਰੂਪਨਗਰ ਸ੍ਰੀ ਵਿਨੈ ਬੁਬਲਾਨੀ, ਆਈ.ਏ.ਐੱਸ. ਨੂੰ ਇਲੈਕਟੋਰਲ ਰੋਲ ਅਬਜ਼ਰਵਰ ਨਿਯੁਕਤ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਇਲੈਕਟੋਰਲ ਰੋਲ ਅਬਜ਼ਰਵਰ ਵੱਲੋਂ ਇੱਕ ਦਸੰਬਰ, ਦਿਨ ਮੰਗਲਵਾਰ ਨੂੰ ਸਵੇਰੇ 11 ਵਜੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਜ਼ਿਲ੍ਹੇ ਦੇ ਸੰਸਦ ਮੈਂਬਰਾਂ, ਵਿਧਾਇਕਾਂ ਅਤੇ ਸਮੂਹ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੇ ਪ੍ਰਧਾਨਾਂ, ਸਕੱਤਰਾਂ ਅਤੇ ਕਨਵੀਨਰਾਂ ਨਾਲ ਮੀਟਿੰਗ ਕੀਤੀ ਜਾਵੇਗੀ। ਇਸ ਮੌਕੇ ਵੋਟਰ ਸੂਚੀਆਂ ਦੀ ਸੁਧਾਈ ਸਬੰਧੀ ਚੱਲ ਰਹੀ ਪ੍ਰਕਿਰਿਆ ਦਾ ਜਾਇਜ਼ਾ ਲੈਣ ਦੇ ਨਾਲ-ਨਾਲ ਉਹ ਜ਼ਿਲ੍ਹੇ ਦੇ ਕੁਝ ਪੋਲਿੰਗ ਬੂਥਾਂ ਦੀ ਚੈਕਿੰਗ ਵੀ ਕਰਨਗੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਲੈਕਟੋਰਲ ਰੋਲ ਅਬਜ਼ਰਵਰ ਦੀ ਈਮੇਲ ਆਈ.ਡੀ. div.com.rpr@punjab.gov.in ਅਤੇ ਸੰਪਰਕ ਨੰਬਰ 01881-220400 ਹੈ। ਵੋਟਰ ਸੂਚੀ ਵਿੱਚ ਆਪਣੀ ਵੋਟ ਸਬੰਧੀ ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ, ਇਤਰਾਜ਼ ਜਾਂ ਸਮੱਸਿਆ ਰੱਖਣ ਵਾਲਾ ਕੋਈ ਵੀ ਵਿਅਕਤੀ ਇਲੈਕਟੋਰਲ ਰੋਲ ਅਬਜ਼ਰਵਰ ਨਾਲ ਉਕਤ ਮਿਤੀ ਨੂੰ ਮਿਲ ਸਕਦਾ ਹੈ। ਉਨ੍ਹਾਂ ਜ਼ਿਲ੍ਹੇ ਦੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਵੋਟਰ ਸੂਚੀਆਂ ਦੀ ਸੁਧਾਈ ਦੀ ਪ੍ਰਕਿਰਿਆ ਦੌਰਾਨ ਆਪਣੇ ਵੋਟ ਦੇ ਅਧਿਕਾਰ ਨਾਲ ਸਬੰਧਤ ਕਿਸੇ ਵੀ ਸਮੱਸਿਆ ਜਾਂ ਇਤਰਾਜ਼ ਬਾਰੇ ਨਿਰਧਾਰਤ ਮਿਤੀ ਨੂੰ ਅਬਜ਼ਰਵਰ ਦੇ ਧਿਆਨ ਵਿੱਚ ਲਿਆਉਣ, ਤਾਂ ਜੋ ਵੋਟਰ ਸੂਚੀਆਂ ਨੂੰ ਸਹੀ ਅਤੇ ਗਲਤੀ ਰਹਿਤ ਬਣਾਉਣ ਵਿੱਚ ਸਹਿਯੋਗ ਮਿਲ ਸਕੇ।

ਗਾਇਕ ਹਰਦੀਪ ਗਿੱਲ ਨੇ ਪਰਿਵਾਰ ਸਮੇਤ ਸਵੈ-ਗਣਨਾ ਫਾਰਮ ਭਰਿਆ

ਸਾਹਿਬਜ਼ਾਦਾ ਅਜੀਤ ਸਿੰਘ ਨਗਰ,
25 ਨਵੰਬਰ (ਪੈ.ਗਾਮ-ਏ-ਜਗਤ)

- **ਲੋਕਾਂ ਨੂੰ 30 ਨਵੰਬਰ ਤੋਂ ਪਹਿਲਾਂ ਆਪਣੇ ਪਰਿਵਾਰ ਦੇ ਸਾਰੇ ਮੈਂਬਰਾਂ ਦੇ ਆਨਲਾਈਨ ਸਵੈ ਗਣਨਾ ਭਰਨ ਦੀ ਕੀਤੀ ਅਪੀਲ**

ਡਿਪਟੀ ਕਮਿਸ਼ਨਰ ਕਮ ਪ੍ਰਮੁੱਖ ਜਨਗਣਨਾ ਅਧਿਕਾਰੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਸ਼੍ਰੀ ਅਦਿੱਤਿਆ ਡਚਲਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਜਨਗਣਨਾ-2027 ਦੇ ਮੱਦੇਨਜ਼ਰ ਸਵੈ-ਗਣਨਾ ਮੁਹਿੰਮ ਤਹਿਤ ਵੱਧ ਤੋਂ ਵੱਧ ਲੋਕਾਂ ਦੀ ਭਾਗੀਦਾਰੀ ਯਕੀਨੀ ਬਣਾਉਣ ਲਈ ਵੱਖ-ਵੱਖ ਖੇਤਰਾਂ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਸਵੈ-ਗਣਨਾ ਫਾਰਮ ਭਰੇ ਜਾ ਰਹੇ ਹਨ ਅਤੇ ਆਮ ਲੋਕਾਂ ਨੂੰ ਵੀ ਇਸ ਮੁਹਿੰਮ ਵਿੱਚ ਸਰਗਰਮ ਭਾਗੀਦਾਰੀ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਇਸੇ ਲੜੀ ਤਹਿਤ ਮੋਹਾਲੀ ਦੇ ਫੇਜ਼ 3 ਏ ਵਿਖੇ ਰਹਿੰਦੇ ਗਾਇਕ ਹਰਦੀਪ ਗਿੱਲ ਨੇ ਆਪਣੇ ਪਰਿਵਾਰ ਸਮੇਤ ਸਵੈ-ਗਣਨਾ ਫਾਰਮ ਭਰਿਆ। ਇਸ ਮੌਕੇ ਉਨ੍ਹਾਂ ਦੀ ਧਰਮਪਤਨੀ ਨੇ ਵੀ ਸਵੈ-ਗਣਨਾ ਪ੍ਰਕਿਰਿਆ ਵਿੱਚ ਭਾਗ ਲਿਆ ਅਤੇ ਲੋਕਾਂ ਨੂੰ ਇਸ ਮਹੱਤਵਪੂਰਨ ਮੁਹਿੰਮ ਨਾਲ ਜੁੜਨ ਦੀ ਅਪੀਲ ਕੀਤੀ।



ਇਸ ਮੌਕੇ ਸਵੀਪ ਦੇ ਜ਼ਿਲ੍ਹਾ ਨੋਡਲ ਅਫ਼ਸਰ ਪ੍ਰੋਫੈਸਰ ਗੁਰਬਖ਼ਸ਼ੀਸ਼ ਸਿੰਘ ਅੰਟਾਲ ਵੀ ਜਨਗਣਨਾ ਟੀਮ ਨਾਲ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਹਰਦੀਪ ਗਿੱਲ ਨੇ ਕਿਹਾ ਕਿ ਜਨਗਣਨਾ ਦੇਸ਼ ਦੀ ਯੋਜਨਾਬੰਦੀ ਅਤੇ ਵਿਕਾਸ ਲਈ ਬਹੁਤ ਮਹੱਤਵਪੂਰਨ ਪ੍ਰਕਿਰਿਆ ਹੈ। ਹਰੇਕ ਨਾਗਰਿਕ ਨੂੰ ਆਪਣੀ ਜ਼ਿੰਮੇਵਾਰੀ ਸਮਝਦਿਆਂ ਨਿਰਧਾਰਤ ਸਮੇਂ

ਸਾਢੇ 4 ਸਾਲ ਲਾਰਿਆਂ 'ਚ ਰੱਖਿਆ, ਹੁਣ 27 ਨਵੰਬਰ ਨੂੰ ਵਿੱਤ ਮੰਤਰੀ ਦੇ ਹਲਕੇ 'ਚ ਲੱਗੇਗਾ ਜੰਗਲਾਤ ਕਾਮਿਆਂ ਦਾ ਪੱਕਾ ਮੋਰਚਾ

ਪੈ.ਗਾਮ-ਏ-ਜਗਤ
ਬਲਾਚੌਰ, 25 ਨਵੰਬਰ
(ਜਤਿੰਦਰਪਾਲ ਸਿੰਘ ਕਲੇਰ)



ਕੱਚੇ ਕਾਮੇ ਪੱਕੇ ਕਰਵਾਉਣ ਲਈ ਜੰਗਲਾਤ ਕਾਮਿਆਂ ਦਾ ਸਬਰ ਹੁਣ ਟੁੱਟ ਗਿਆ ਹੈ। ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਨੇ ਐਲਾਨ ਕੀਤਾ ਹੈ ਕਿ 27 ਨਵੰਬਰ ਨੂੰ ਵਿੱਤ ਮੰਤਰੀ ਦੇ ਵਿਧਾਨ ਸਭਾ ਹਲਕਾ ਦਿੜਬਾ ਵਿਖੇ ਰੋਸ ਪ੍ਰਦਰਸ਼ਨ ਕਰਕੇ ਪੱਕਾ ਮੋਰਚਾ ਲਗਾਇਆ ਜਾਵੇਗਾ, ਜੋ ਮੰਗਾਂ ਮੰਨੇ ਜਾਣ ਤੱਕ ਜਾਰੀ ਰਹੇਗਾ।

ਯੂਨੀਅਨ ਦੀ ਮੀਟਿੰਗ ਸੂਬਾਈ ਪ੍ਰਧਾਨ ਅਮਰੀਕ ਸਿੰਘ ਗੜ੍ਹਸ਼ੰਕਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਸੂਬਾ ਸਕੱਤਰ ਜਸਵਿੰਦਰ ਸਿੰਘ ਸੈਂਜਾ ਨੇ ਪ੍ਰੈੱਸ ਦੇ ਨਾਂ ਜਾਰੀ ਕਰਦਿਆਂ ਦੱਸਿਆ ਕਿ ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਵਿੱਚ ਪਿਛਲੇ 27-28 ਸਾਲਾਂ ਤੋਂ ਕੰਮ ਕਰ ਰਹੇ ਸੀਨੀਅਰ ਕਾਮਿਆਂ ਨੂੰ ਸਰਕਾਰ ਨੇ ਪੱਕਾ ਕਰਨ ਦੀ ਥਾਂ ਪਲੇਸਮੈਂਟ 'ਤੇ ਲਗਾ ਦਿੱਤਾ ਹੈ। ਇਸ ਪਾਲਿਸੀ ਵਿੱਚ ਪੱਕੇ ਹੋਣ ਵਾਲੀ ਕੋਈ ਸਹੂਲਤ ਹੀ ਨਹੀਂ ਹੈ। ਆਗੂਆਂ ਨੇ ਕਿਹਾ ਕਿ ਸਾਢੇ ਚਾਰ ਸਾਲਾਂ ਵਿੱਚ ਮੰਤਰੀਆਂ ਨਾਲ ਅਨੇਕਾਂ ਮੀਟਿੰਗਾਂ ਹੋਈਆਂ, ਹਰ ਵਾਰ ਹਾਂ-ਪੱਖੀ ਫੈਸਲੇ ਹੋਏ ਪਰ ਮਿਲੇ ਸਿਰਫ਼ ਲਾਰੇ। ਸਰਕਾਰ ਨੇ 16-05-2023 ਦੀ ਮਾੜੀ ਪਾਲਿਸੀ ਬਣਾ ਕੇ ਕੱਚੇ ਕਾਮਿਆਂ ਨਾਲ ਧੋਖਾ ਕੀਤਾ ਹੈ।

ਮੀਟਿੰਗ ਵਿੱਚ ਦੱਸਿਆ ਗਿਆ ਕਿ ਪਲੇਸਮੈਂਟ ਵਾਲੇ ਕਾਮਿਆਂ ਨੂੰ ਸਿਰਫ਼ 15000 ਰੁਪਏ ਤਨਖਾਹ ਦਿੱਤੀ ਜਾ ਰਹੀ ਹੈ, ਜਿਸ ਨਾਲ ਇਸ ਮਹਿੰਗਾਈ ਵਿੱਚ ਪਰਿਵਾਰ ਦਾ ਗੁਜ਼ਾਰਾ ਕਰਨਾ ਮੁਸ਼ਕਿਲ ਹੋ ਗਿਆ ਹੈ। ਜਥੇਬੰਦੀ ਦੀਆਂ ਮੁੱਖ ਮੰਗਾਂ ਵਿੱਚ ਸਾਲ 2006 ਤੱਕ 10 ਸਾਲ ਪੂਰੇ ਕਰ ਚੁੱਕੇ 14 ਵਰਕਰਾਂ ਅਤੇ ਸਾਲ 2026 ਤੱਕ 10 ਸਾਲ ਪੂਰੇ ਕਰਦੇ ਸਾਰੇ ਕਾਮਿਆਂ ਨੂੰ ਬਿਨਾਂ ਸ਼ਰਤ ਪੱਕਾ ਕਰਨਾ, 30 ਜੁਲਾਈ 2025 ਅਤੇ 13 ਜੁਲਾਈ 2026 ਨੂੰ ਨਿਯੁਕਤੀ ਪੱਤਰ ਪਾਉਣ ਵਾਲੇ ਵਰਕਰਾਂ ਨੂੰ ਪੂਰੇ ਸਕੇਲ ਰਾਹੀਂ ਤਨਖਾਹਾਂ, ਡੀ.ਏ., ਮੈਡੀਕਲ ਸਹੂਲਤ ਅਤੇ ਪੈਨਸ਼ਨਰੀ ਲਾਭ ਦੇਣਾ, ਸੀਨੀਅਰਤਾ ਸੂਚੀ 31-03-2026 ਤੱਕ ਅਪਡੇਟ ਕਰਨਾ, ਵਿਭਾਗ ਵਿੱਚ ਨਵੇਂ ਕਾਮੇ ਰੱਖਣਾ, ਘੱਟੋ-ਘੱਟ ਉਜਰਤਾਂ ਵਿੱਚ ਵਾਧਾ ਅਤੇ ਪਿਛਲੇ ਸਾਲ ਦੇ ਨਿਗੂਣੇ ਵਾਧੇ ਦਾ ਏਰੀਅਰ ਜਾਰੀ ਕਰਨਾ ਸ਼ਾਮਲ ਹੈ। ਆਗੂਆਂ ਨੇ ਇਹ ਵੀ ਐਲਾਨ ਕੀਤਾ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਅਤੇ ਪੰਜਾਬ ਮੁਲਾਜ਼ਮ ਮੰਚ ਵੱਲੋਂ 1 ਦਸੰਬਰ ਤੋਂ 5 ਦਸੰਬਰ ਤੱਕ ਸਰਕਾਰ ਦੇ ਐਮ.ਐਲ.ਏ. ਦੀ ਅਰਥੀ ਫੂਕਣ ਅਤੇ 6 ਦਸੰਬਰ ਨੂੰ ਲੁਧਿਆਣਾ ਦੇ ਗੰਦੇ ਨਾਲੇ ਵਿੱਚ ਉਨ੍ਹਾਂ ਦੀਆਂ ਅਸਥੀਆਂ ਪਾਉਣ ਦੇ ਪ੍ਰੋਗਰਾਮ ਵਿੱਚ ਜੰਗਲਾਤ ਕਾਮੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ। ਮੀਟਿੰਗ ਵਿੱਚ ਜਨਰਲ ਸਕੱਤਰ ਜਸਵੀਰ ਸਿੰਘ ਸੀਰਾ, ਵਿੱਤ ਸਕੱਤਰ ਅਮਨਦੀਪ ਸਿੰਘ ਛੱਤ, ਚੇਅਰਮੈਨ ਵਿਰਸਾ ਸਿੰਘ ਚਹਿਲ, ਸੀਨੀਅਰ ਮੀਤ ਪ੍ਰਧਾਨ ਰਣਜੀਤ ਸਿੰਘ ਗੁਰਦਾਸਪੁਰ, ਸਤਨਾਮ ਸੰਗਤੀਵਾਲਾ ਸੰਗਰੂਰ ਸਮੇਤ ਵੱਡੀ ਗਿਣਤੀ ਆਗੂ ਹਾਜ਼ਰ ਸਨ।

ਅੰਮ੍ਰਿਤ ਬਾਣੀ ਭਵਨ ਨਵਾਂਸ਼ਹਿਰ ਵਿਖੇ ਸਤਿਸੰਗ ਸਮਾਗਮ ਕਰਵਾਇਆ ਗਿਆ

ਪੈ.ਗਾਮ-ਏ-ਜਗਤ
ਨਵਾਂਸ਼ਹਿਰ (ਦੇਸ ਰਾਜ ਬਾਲੀ)



ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ ਰਜਿ ਨਵਾਂ ਸ਼ਹਿਰ ਵਲੋਂ ਅੰਮ੍ਰਿਤ ਬਾਣੀ ਭਵਨ ਨਵਾਂ ਸ਼ਹਿਰ ਵਿਖੇ ਮਹੀਨਾਵਾਰੀ ਸਤਿਸੰਗ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੰਮ੍ਰਿਤ ਬਾਣੀ ਦੇ ਦੋ ਆਖੰਡ ਜਾਪ ਕਰਵਾਏ ਗਏ ਜਿਸ ਵਿਚ ਪਹਿਲੇ ਜਾਪ ਸ਼੍ਰੀ ਡੀ ਸੀ ਭਾਟੀਆ ਜਲੰਧਰ ਵਲੋਂ ਅਤੇ ਦੂਜੇ ਜਾਪ ਸ਼੍ਰੀ ਬਲਵੀਰ ਭੰਗਲਾਂ ਵਲੋਂ ਕਰਵਾਏ ਗਏ ਜਦ ਕਿ ਪਾਠੀ ਦੀਆਂ ਸੇਵਾਵਾਂ ਸ਼੍ਰੀ ਰੌਸ਼ਨ ਛੋਕਰਾਂ, ਸੱਤ ਪਾਲ ਸੰਗੀ ਤੇ ਹਰਮੇਸ਼ ਥਾਂਦੀਆਂ ਨੇ ਨਿਭਾਈਆਂ। ਇਸ ਮੌਕੇ ਤੇ ਸ਼੍ਰੀ ਰਛਪਾਲ ਬਿੱਟੂ ਦੇ ਪੋਤਰੇ ਪਾਰਸ ਸਿੰਘ ਦਾ ਜਨਮ ਦਿਨ ਵੀ ਮਨਾਇਆ ਗਿਆ। ਉਪਰੰਤ ਸ਼੍ਰੀ ਚਰਨ ਨਿਗਾਹ ਦੇ ਜਥੇ ਵੱਲੋਂ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂਆਂ ਦੀ ਬਾਣੀ ਨਾਲ ਜੋੜਿਆ।

ਇਸ ਮੌਕੇ ਤੇ ਸਹਿਯੋਗੀ ਸਾਥੀਆਂ ਦਾ ਟਰੱਸਟ ਵੱਲੋਂ ਸਨਮਾਨ ਵੀ ਕੀਤਾ ਗਿਆ ਜਿਨ੍ਹਾਂ ਵਿੱਚ ਸਰਵਸ਼੍ਰੀ ਸੱਤ ਪਾਲ ਵਿਰਦੀ ਐਡਵੋਕੇਟ, ਪੱਤਰਕਾਰ ਮਹਿੰਦਰ ਸੂਦ, ਮਾ. ਗਿੰਦ ਰਾਮ, ਮਾ. ਹਰਬਲਾਸ, ਸੋਂਤਿਆ ਦੇਵੀ ਭੰਗਲਾਂ, ਕਮਲਜੀਤ ਕੌਰ ਕਮਲ, ਅੰਜੂ ਜੱਸਲ, ਸੀਮਾ ਰਾਣੀ ਜ਼ਿਲ੍ਹਾ ਮੈਨੇਜਰ, ਪ੍ਰਿੰਸੀਪਲ ਪ੍ਰਵੀਨ ਕੌਰ, ਐਡਵੋਕੇਟ ਸ਼ਮਸ਼ੇਰ ਸਿੰਘ ਝਿੱਕਾ, ਪ੍ਰਸ਼ੋਤਮ ਲੱਧੜ, ਸੱਤ ਪਾਲ ਬੇਲੀ, ਦਰਸ਼ਨ ਰਾਮ ਪੱਲੀ ਉੱਚੀ, ਨਾਜਰ ਰਾਮ ਭੰਗਲਾਂ, ਠਾਕਰ ਦਾਸ ਮਾਹੀ ਆਦਿ ਦੇ ਨਾਮ ਵਰਨਣਯੋਗ ਹਨ।

ਇਸ ਮੌਕੇ ਤੇ ਟਰੱਸਟ ਮੈਂਬਰ ਸਰਵਸ਼੍ਰੀ ਸੱਤ ਪਾਲ ਸਾਹਲੋਂ ਪ੍ਰਧਾਨ, ਪਰਮਜੀਤ ਮਹਾਲੋਂ, ਰੇਸ਼ਮ ਸਿੰਘ ਐਡਵੋਕੇਟ, ਰਾਮ ਆਸਰਾ, ਜੋਗਿੰਦਰ ਸਿੰਘ ਮੈਂਗੜਾ, ਝਲਮਣ ਹੰਸਰੋਂ, ਅਮਨਦੀਪ ਸਿੰਘ ਸਾਹਲੋਂ, ਹਰਨਾਮ ਸਿੰਘ ਬਰਨਾਲਾ, ਹਰਮੇਸ਼ ਮੇਸ਼ੀ ਆਦਿ ਵੀ ਹਾਜ਼ਰ ਸਨ। ਆਖਰ ਵਿੱਚ ਚਾਹ ਬਰੈੱਡ ਆਦਿ ਦਾ ਲੰਗਰ ਵੀ ਵਰਤਾਇਆ ਗਿਆ।

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਸੰਗਤਾਂ ਨੂੰ ਮੁਬਾਰਕਾਂ- ਜਥੇਦਾਰ ਸੁਰਜੀਤ ਸਿੰਘ ਦੋਭਾਲੀ

ਪੈ.ਗਾਮ-ਏ-ਜਗਤ
ਬਲਾਚੌਰ, 25 ਨਵੰਬਰ (ਜਤਿੰਦਰਪਾਲ ਸਿੰਘ ਕਲੇਰ)



ਜਥੇਦਾਰ ਸੁਰਜੀਤ ਸਿੰਘ ਦੋਭਾਲੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਮੁਬਾਰਕਾਂ ਦਿੱਤੀਆਂ ਹਨ। ਜਥੇਦਾਰ ਦੋਭਾਲੀ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨੁੱਖਤਾ ਦੇ ਇਤਿਹਾਸ ਵਿੱਚ ਸੱਚ, ਪਿਆਰ, ਬਰਾਬਰਤਾ ਅਤੇ ਰੂਹਾਨੀ ਚਾਨਣ ਦਾ ਮਹਾਨ ਦਿਹਾੜਾ ਹੈ। ਗੁਰੂ ਸਾਹਿਬ ਨੇ ਸਮੁੱਚੀ ਦੁਨੀਆ ਨੂੰ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦਾ ਸਦੀਵੀ ਸੰਦੇਸ਼ ਦੇ ਕੇ ਜਾਤ-ਪਾਤ, ਊਚ-ਨੀਚ ਅਤੇ ਨਫ਼ਰਤ ਤੋਂ ਉੱਪਰ ਉੱਠ ਕੇ ਮਨੁੱਖਤਾ ਦੀ ਸੇਵਾ ਕਰਨ ਦਾ ਰਾਹ ਦਿਖਾਇਆ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਉਨ੍ਹਾਂ ਦੇ ਸਿਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਨਾਉਣ ਨਾਲ ਹੀ ਦਿੱਤੀ ਜਾ ਸਕਦੀ ਹੈ। ਸਰਬੱਤ ਦੇ ਭਲੇ, ਸਾਂਝੀਵਾਲਤਾ ਅਤੇ ਮਨੁੱਖਤਾ ਦੀ ਸੇਵਾ ਦੇ ਸੰਦੇਸ਼ ਨੂੰ ਜ਼ਮੀਨੀ ਪੱਧਰ ਤੱਕ ਪਹੁੰਚਾਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਜਥੇਦਾਰ ਦੋਭਾਲੀ ਨੇ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਸਾਹਿਬ ਦੇ ਦੱਸੇ ਮਾਰਗ 'ਤੇ ਚੱਲਦਿਆਂ ਆਪਸੀ ਭਾਈਚਾਰਾ, ਏਕਤਾ ਅਤੇ ਪਿਆਰ ਨੂੰ ਮਜ਼ਬੂਤ ਕਰਨ।

ਪ੍ਰਸਿੱਧ ਇਤਿਹਾਸਕਾਰ ਤੇ ਲੇਖਕ ਮਨਜੀਤ ਸਿੰਘ ਟਾਂਡਾ ਦੀ ਪਤਨੀ ਦੀ ਬਰਸੀ ਮਨਾਈ

ਚੰਡੀਗੜ੍ਹ, 25 ਨਵੰਬਰ (ਪੈਗਾਮ-ਏ-ਜਗਤ)

ਪ੍ਰਸਿੱਧ ਇਤਿਹਾਸਕਾਰ ਤੇ ਲੇਖਕ ਮਨਜੀਤ ਸਿੰਘ ਟਾਂਡਾ ਦੀ ਪਤਨੀ ਸਵਰਗਵਾਸੀ ਸ੍ਰੀਮਤੀ ਗੁਰਬਚਨ ਕੌਰ ਦੀ ਬਰਸੀ ਪਿੰਡ ਤਿਬੜੀ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਮਨਾਈ ਗਈ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਸੱਚੇ ਅਖੰਡ ਪਾਠ ਸਾਹਿਬ ਦੇ ਭੋਗ, ਗੁਰਬਾਣੀ ਕੀਰਤਨ ਉਪਰੰਤ ਸ਼ਰਧਾਂਜਲੀਆਂ ਅਰਪਿਤ ਕੀਤੀਆਂ ਗਈਆਂ।



ਇਸ ਮੌਕੇ 'ਤੇ ਵੱਖ-ਵੱਖ ਬੁਲਾਰਿਆਂ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਸਾਹਿਤਕਾਰ ਬਲਵਿੰਦਰ ਬਾਲਮ ਨੇ ਉਨ੍ਹਾਂ ਦੀ ਧਰਮ ਪਤਨੀ ਸਵਰਗਵਾਸੀ ਗੁਰਬਚਨ ਕੌਰ ਦੀ ਜੀਵਨ ਸ਼ੈਲੀ ਬਾਰੇ ਚਾਨਣਾ ਪਾਇਆ। ਇਸ ਮੌਕੇ 'ਤੇ ਸਾਕ-ਸਬੰਧੀ, ਰਿਸ਼ਤੇਦਾਰ, ਭੈਣ-ਭਰਾ, ਧੀਆਂ, ਪੁੱਤਰ, ਨੂੰਹਾਂ ਤੇ ਹੋਰ ਮੋਹ ਰੱਖਣ ਵਾਲੇ ਯਾਰ-ਦੋਸਤ-ਮਿੱਤਰ ਵੀ ਹਾਜ਼ਰ ਸਨ। ਆਏ ਹੋਏ ਸਭਨਾਂ ਦਾ ਮਨਜੀਤ ਸਿੰਘ ਟਾਂਡਾ ਨੇ ਧੰਨਵਾਦ ਕੀਤਾ। ਇਸ ਮੌਕੇ 'ਤੇ ਮੇਜਰ ਅਮਰੀਕ ਸਿੰਘ, ਬਾਵਾ ਸਿੰਘ ਨਾਇਬ ਤਹਿਸੀਲਦਾਰ ,ਬਲਵੀਰ ਸਿੰਘ ਅੈਕਸ ਡਿਪਟੀ, ਜਗਜੀਤ ਸਿੰਘ ਅਲੂਣਾ, ਪਰਵਿੰਦਰ ਸਿੰਘ ਬੈਂਸ, ਗੁਰਨਾਮ ਸਿੰਘ ਲੁਬਾਣਾ, ਸੁਲੱਖਣ ਸਿੰਘ ਸਰਪੰਚ ਨਵਾਂ ਸ਼ਾਲਾ, ਰਣਜੀਤ ਸਿੰਘ ਕੈਪਟਨ , ਚਰਨਜੀਤ ਸਿੰਘ ਟਾਂਡਾ, ਕੈਪਟਨ ਗੁਰਮੇਲ ਸਿੰਘ ਮੁਕੇਰੀਆਂ, ਇੰਜੀ. ਹਰਦੀਪ ਸਿੰਘ, ਜਥੇਦਾਰ ਦਲੀਪ ਸਿੰਘ, ਬੇਟੀ ਅਮਨਪ੍ਰੀਤ ਕੌਰ, ਕੈਪਟਨ ਜਰਨੈਲ ਸਿੰਘ, ਮੁੱਖ ਗ੍ਰੰਥੀ ਸੁਰਜੀਤ ਸਿੰਘ, ਕੈਪਟਨ ਕੁਮਾਰ ਸਿੰਘ, ਸੂਬੇਦਾਰ ਮੰਗਲ ਸਿੰਘ, ਬੀਬੀ ਪਰਮਜੀਤ ਕੌਰ, ਹਰਭਜਨ ਸਿੰਘ ਨਵਾਂ ਸ਼ਾਲਾ, ਜੋਗਿੰਦਰ ਸਿੰਘ, ਗੁਰਪ੍ਰਸਾਦ ਸਿੰਘ ਤੇ ਇੰਸਪੈਕਟਰ ਸੁਖਵਿੰਦਰ ਸਿੰਘ ਹਾਜ਼ਰ ਸਨ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਭਾਜਪਾ-ਅਕਾਲੀ ਗੱਠਜੋੜ ਪੰਜਾਬ ਦੇ ਹਿੱਤਾਂ ਦੀ ਨਹੀਂ, ਸਿਆਸੀ ਹੋਂਦ ਬਚਾਉਣ ਦੀ ਮੌਕਾਪ੍ਰਸਤ ਸਾਂਝ : ਚੌਧਰੀ ਦਰਸ਼ਨ ਲਾਲ ਮੰਗੂਪੁਰ

ਪੈ.ਗਾਮ-ਏ-ਜਗਤ/ਨਵਾਂਸ਼ਹਿਰ
25 ਨਵੰਬਰ (ਜਤਿੰਦਰ ਪਾਲ ਸਿੰਘ ਕਲੇਰ)



ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਚੌਧਰੀ ਦਰਸ਼ਨ ਲਾਲ ਮੰਗੂਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਕਾਰ ਮੁੜ ਬਣ ਰਹੇ ਸਿਆਸੀ ਗੱਠਜੋੜ ਨੂੰ ਲੈ ਕੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਭਾਜਪਾ-ਅਕਾਲੀ ਗੱਠਜੋੜ ਕਦੇ ਹਕੀਕਤ ਵਿੱਚ ਟੁੱਟਿਆ ਹੀ ਨਹੀਂ ਸੀ, ਸਗੋਂ ਸਿਆਸੀ ਹਾਲਾਤਾਂ ਕਾਰਨ ਦੋਵਾਂ ਪਾਰਟੀਆਂ ਨੇ ਵੱਖ ਹੋਣ ਦਾ ਦਿਖਾਵਾ ਕੀਤਾ ਸੀ। ਅੱਜ ਸਾਲਾਂ ਤੋਂ ਪਾਇਆ ਸਿਆਸੀ - ਪਰਦਾ ਪੂਰੀ ਤਰ੍ਹਾਂ ਹਟ ਗਿਆ ਹੈ ਅਤੇ ਸੱਚਾਈ ਲੋਕਾਂ ਸਾਹਮਣੇ - ਆ ਗਈ ਹੈ। ਇਹ ਗੱਠਜੋੜ - ਪੰਜਾਬ ਦੇ ਹਿੱਤਾਂ ਲਈ ਨਹੀਂ, - ਸਗੋਂ ਆਪਣੀ ਸਿਆਸੀ ਹੋਂਦ ਬਚਾਉਣ ਲਈ ਕੀਤੀ ਜਾ ਰਹੀ ਮੌਕਾਪ੍ਰਸਤ ਸਾਂਝ ਹੈ। ਮੰਗੂਪੁਰ ਨੇ ਕਿਹਾ ਕਿ ਇਸ ਗੱਠਜੋੜ ਦਾ ਸਭ ਤੋਂ ਵੱਡਾ ਵਿਰੋਧਾਭਾਸ ਇਹ ਹੈ ਕਿ ਜਿਸ ਅਕਾਲੀ ਦਲ ਨੇ ਕਦੇ ਭਾਜਪਾ ਨਾਲ ਆਪਣੇ ਗੱਠਜੋੜ ਨੂੰ ਅਪਵਿੱਤਰ ਕਰਾਰ ਦਿੱਤਾ ਸੀ ਅਤੇ ਭਾਜਪਾ ਉੱਤੇ ਪੰਜਾਬ ਨਾਲ ਵਿਸ਼ਵਾਸਘਾਤ ਕਰਨ ਦੇ ਦੋਸ਼ ਲਗਾਏ ਸਨ, ਅੱਜ ਉਹੀ ਪਾਰਟੀ ਮੁੜ ਉਸੇ ਸਿਆਸੀ ਮੰਚ ਉੱਤੇ ਬੈਠਣ ਲਈ ਤਿਆਰ ਹੈ। ਸਵਾਲ ਇਹ ਹੈ ਕਿ ਜੇਕਰ ਉਸ ਸਮੇਂ ਅਕਾਲੀ ਦਲ ਦੇ ਸਿਧਾਂਤ ਅਤੇ ਪੰਜਾਬ ਦੇ ਹਿੱਤ ਸਹੀ ਸਨ ਤਾਂ ਅੱਜ ਅਜਿਹਾ ਕੀ ਬਦਲ ਗਿਆ ਹੈ, ਜਿਸ ਕਾਰਨ ਉਹ ਮੁੜ ਭਾਜਪਾ ਨਾਲ ਹੱਥ ਮਿਲਾਉਣ ਜਾ ਰਿਹਾ ਹੈ? ਕੀ ਪੰਜਾਬ ਦੇ ਮੁੱਦੇ ਹੱਲ ਹੋ ਗਏ ਹਨ ਜਾਂ ਫਿਰ ਸੱਤਾ ਦੀ ਲਾਲਸਾ ਸਿਧਾਂਤਾਂ ਉੱਤੇ ਭਾਰੂ ਪੈ ਗਈ ਹੈ? ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਅਕਾਲੀ ਦਲ ਤੋਂ ਜਵਾਬ ਮੰਗ ਰਹੇ ਹਨ ਕਿ ਕਿਸਾਨਾਂ ਨੂੰ ਫ਼ਸਲਾਂ ਉੱਤੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਕਾਨੂੰਨੀ ਗਾਰੰਟੀ ਕਿੱਥੇ ਹੈ? ਕਿਸਾਨਾਂ ਦੀਆਂ ਮੰਗਾਂ ਪ੍ਰਤੀ ਜਵਾਬਦੇਹੀ ਕਿੱਥੇ ਹੈ? ਸੁਖਬੀਰ ਸਿੰਘ ਬਾਦਲ ਲਈ ਇਨਸਾਫ਼ ਦੀ ਮੰਗ ਦਾ ਕੀ ਬਣਿਆ? ਜਿਹੜੇ ਮੁੱਦੇ ਕਦੇ ਦੋਵਾਂ ਪਾਰਟੀਆਂ ਦੇ ਵੱਖ ਹੋਣ ਦਾ ਕਾਰਨ ਬਣੇ ਸਨ, ਉਹ ਅੱਜ ਸੀਟਾਂ ਦੀ ਵੰਡ ਅਤੇ ਸਿਆਸੀ ਸਮਝੌਤਿਆਂ ਦੀ ਗੱਲਬਾਤ ਦੌਰਾਨ ਅਚਾਨਕ ਕਿਵੇਂ ਗਾਇਬ ਹੋ ਗਏ। ਚੌਧਰੀ ਦਰਸ਼ਨ ਲਾਲ ਮੰਗੂਪੁਰ ਨੇ ਕਿਹਾ ਕਿ ਪੰਜਾਬ ਦੀ ਜਨਤਾ ਹੁਣ ਸਿਆਸੀ ਪਾਰਟੀਆਂ ਦੇ ਦੋਹਰੇ ਚਿਹਰਿਆਂ ਨੂੰ ਚੰਗੀ ਤਰ੍ਹਾਂ ਪਛਾਣ ਚੁੱਕੀ ਹੈ। ਪੰਜਾਬ ਨੇ ਪਹਿਲਾਂ ਵੀ ਅਜਿਹੇ ਗੱਠਜੋੜਾਂ ਦੀ ਸਿਆਸਤ ਦੇਖੀ ਹੈ ਅਤੇ ਲੋਕ ਹੁਣ ਖੋਖਲੇ ਵਾਅਦਿਆਂ ਅਤੇ ਸਿਆਸੀ ਨਾਟਕਾਂ ਵਿੱਚ ਫਸਣ ਵਾਲੇ ਨਹੀਂ ਹਨ। ਦੋ ਕਮਜ਼ੋਰ ਹੋ ਰਹੀਆਂ ਸਿਆਸੀ ਤਾਕਤਾਂ ਵੱਲੋਂ ਆਪਣੀ ਹੋਂਦ ਬਚਾਉਣ ਲਈ ਇਕੱਠੇ ਹੋਣਾ ਪੰਜਾਬ ਲਈ ਕੋਈ ਨਵੀਂ ਸਿਆਸੀ ਦਿਸ਼ਾ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਪੁਰਾਣੇ ਗੱਠਜੋੜ ਨੂੰ ਨਵਾਂ ਨਕਾਬ ਪਹਿਨਾ ਕੇ ਪੰਜਾਬੀਆਂ ਨੂੰ ਮੁੜ ਗੁੰਮਰਾਹ ਨਹੀਂ ਕੀਤਾ ਜਾ ਸਕਦਾ।

ਸਵੇਰੇ 4 ਵਜੇ ਦਾਤ ਦੀ ਨੋਕ 'ਤੇ ਟੇਲਰ ਮਾਸਟਰ ਨੂੰ ਬੰਨ੍ਹ ਕੇ ਦੁਕਾਨ ਲੁੱਟੀ, ਲੱਖ ਦੇ ਕਰੀਬ ਸਾਮਾਨ ਲੈ ਕੇ ਫਰਾਰ ਹੋਏ ਲੁਟੇਰੇ

ਪੈ.ਗਾਮ-ਏ-ਜਗਤ/ਨਵਾਂਸ਼ਹਿਰ/ਕਾਠਗੜ੍ਹ
25 ਨਵੰਬਰ (ਜਤਿੰਦਰਪਾਲ ਸਿੰਘ ਕਲੇਰ)



ਕਾਠਗੜ੍ਹ ਮੋੜ 'ਤੇ ਮੰਗਲਵਾਰ ਸਵੇਰੇ ਕਰੀਬ 4 ਵਜੇ ਦਿਨ-ਦਿਹਾੜੇ ਵਰਗੀ ਲੁੱਟ ਦੀ ਵਾਰਦਾਤ ਨੇ ਇਲਾਕੇ ਵਿੱਚ ਦਹਿਸ਼ਤ ਫੈਲਾ ਦਿੱਤੀ। ਗੱਡੀ 'ਚ ਸਵਾਰ ਹੋ ਕੇ ਆਏ 2 ਹਥਿਆਰਬੰਦ ਵਿਅਕਤੀਆਂ ਨੇ ਟੇਲਰ ਮਾਸਟਰ ਸੱਤਪਾਲ ਪਾਲ ਵਾਸੀ ਚਾਹਲਾਂ ਨੂੰ ਦਾਤ ਦੀ ਨੋਕ 'ਤੇ ਬਾਹਾਂ ਬੰਨ੍ਹ ਕੇ ਕੈਬਿਨ ਦੇ ਅੰਦਰ ਬਣੀ ਪੜਛੱਤੀ ਦੇ ਉਪਰ ਸੁੱਟ ਦਿੱਤਾ ਅਤੇ ਦੁਕਾਨ ਵਿੱਚੋਂ ਨਗਦੀ, ਕੱਪੜੇ ਅਤੇ ਇਨਵੈਟਰ ਲੁੱਟ ਕੇ ਫਰਾਰ ਹੋ ਗਏ।

ਪੀੜਤ ਸੱਤਪਾਲ

ਦੇਸ਼ ਭਗਤ ਹਸਪਤਾਲ ਦੇ ਮੁਫ਼ਤ ਸਿਹਤ ਜਾਂਚ ਕੈਂਪ ’ਚ 151 ਮਰੀਜ਼ਾਂ ਨੂੰ ਮਿਲਿਆ ਲਾਭ

ਮੰਡੀ ਗੋਬਿੰਦਗੜ੍ਹ, 25 ਨਵੰਬਰ
(ਪਰਮਜੀਤ ਸਿੰਘ ਪਰਵਾਨਾ)



ਸੇਵਾ ਦੀ ਭਾਵਨਾ ਨਾਲ ਪ੍ਰੇਰਿਤ ਹੋ ਕੇ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਦਿਆਂ ਦੇਸ਼ ਭਗਤ ਹਸਪਤਾਲ ਵੱਲੋਂ ਗੁਰਦੁਆਰਾ ਛੇਵੀਂ ਪਾਤਸ਼ਾਹੀ ਸਾਹਿਬ, ਮੰਡੀ ਗੋਬਿੰਦਗੜ੍ਹ ਵਿਖੇ ਮੁਫ਼ਤ ਸਿਹਤ ਜਾਂਚ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਲਗਭਗ 151 ਮਰੀਜ਼ਾਂ ਅਤੇ ਸ਼ਰਧਾਲੂਆਂ ਨੇ ਮੁਫ਼ਤ ਡਾਕਟਰੀ ਸਲਾਹ, ਪ੍ਰਯੋਗਸ਼ਾਲਾ ਜਾਂਚਾਂ ਅਤੇ ਦਵਾਈਆਂ ਦੀਆਂ ਸਹੂਲਤਾਂ ਦਾ ਲਾਭ ਉਠਾਇਆ। ਇਸ ਸੇਵਾ ਕਾਰਜ ਵਿੱਚ ਡਾਕਟਰਾਂ, ਸਹਾਇਕ ਸਿਹਤ ਕਰਮਚਾਰੀਆਂ ਅਤੇ ਬੀ.ਏ.ਐੱਮ.ਐੱਸ. ਦੇ ਸਿਖਿਆਰਥੀ ਵਿਦਿਆਰਥੀਆਂ ਦੀ ਟੀਮ ਨੇ ਸਰਗਰਮੀ ਨਾਲ ਯੋਗਦਾਨ ਪਾਇਆ। ਦੇਸ਼ ਭਗਤ ਯੂਨੀਵਰਸਿਟੀ ਦੇ ਕੁਲਪਤੀ ਡਾ. ਜ਼ੋਰਾ ਸਿੰਘ ਅਤੇ ਪ੍ਰੋ-ਕੁਲਪਤੀ ਡਾ. ਤਜਿੰਦਰ ਕੌਰ ਦੇ ਮਾਰਗਦਰਸ਼ਨ ਹੇਠ ਲਗਾਏ ਗਏ ਇਸ ਕੈਂਪ ਦੀ ਅਗਵਾਈ ਕੈਂਪਸ ਨਿਰਦੇਸ਼ਕ ਡਾ. ਕੁਲਭੂਸ਼ਣ ਅਤੇ ਦੇਸ਼ ਭਗਤ ਹਸਪਤਾਲ ਦੀ ਮੈਡੀਕਲ ਸੁਪਰਡੈਂਟ ਡਾ. ਜੋਤੀ ਐੱਚ. ਧਾਮੀ ਨੇ ਕੀਤੀ। ਇਸ ਉਪਰਾਲੇ ਦਾ ਇੱਕ ਹੋਰ ਉਦੇਸ਼ ਛੂਤ ਦੀਆਂ ਅਤੇ ਗੈਰ-ਛੂਤ ਦੀਆਂ ਬਿਮਾਰੀਆਂ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਵੀ ਸੀ। ਇਸ ਮੌਕੇ ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਇਹ ਉਪਰਾਲਾ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਨਿਸ਼ਕਾਮ ਸੇਵਾ ਅਤੇ ਸਰਬੱਤ ਦੇ ਭਲੇ ਦੀਆਂ ਸਦੀਵੀ ਸਿੱਖਿਆਵਾਂ ਨੂੰ ਸਮਰਪਿਤ ਇੱਕ ਨਿਮਾਣੀ ਸ਼ਰਧਾਂਜਲੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਹਰੇਕ ਵਿਅਕਤੀ ਨੂੰ ਉਸ ਦੀ ਆਰਥਿਕ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਮਿਆਰੀ ਸਿਹਤ ਸੇਵਾਵਾਂ ਮਿਲਣੀਆਂ ਯਕੀਨੀ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਇਸੇ ਦੌਰਾਨ ਡਾ. ਤਜਿੰਦਰ ਕੌਰ ਨੇ ਪਿਛਲੇ 25 ਸਾਲਾਂ ਤੋਂ ਸਮਾਜ ਨੂੰ ਕਿਫ਼ਾਇਤੀ ਅਤੇ ਮਿਆਰੀ ਸਿਹਤ ਸੇਵਾਵਾਂ ਮੁਹਈਆ ਕਰਵਾਉਣ ਪ੍ਰਤੀ ਯੂਨੀਵਰਸਿਟੀ ਅਤੇ ਹਸਪਤਾਲ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ ਅਜਿਹੇ ਸਿਹਤ ਜਾਂਚ ਕੈਂਪ ਪੇਂਡੂ ਅਤੇ ਸ਼ਹਿਰੀ ਖੇਤਰਾਂ ਦੇ ਉਨ੍ਹਾਂ ਲੋਕਾਂ ਤੱਕ ਲੋੜੀਂਦੀਆਂ ਡਾਕਟਰੀ ਸਹੂਲਤਾਂ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ, ਜਿਨ੍ਹਾਂ ਤਕ ਇਹ ਸਹੂਲਤਾਂ ਪੂਰੀ ਤਰ੍ਹਾਂ ਨਹੀਂ ਪਹੁੰਚ ਸਕਦੀਆਂ।

ਅਕਾਲੀ-ਭਾਜਪਾ ਗਠਜੋੜ ਸਿਆਸੀ ਤੌਰ ’ਤੇ ‘ਜ਼ੀਰੋ ਜਮ੍ਹਾਂ ਜ਼ੀਰੋ ਬਰਾਬਰ ਜ਼ੀਰੋ’: ਹਰਪਾਲ ਸਿੰਘ ਚੀਮਾ

ਸੰਗਰੂਰ, 25 ਨਵੰਬਰ
(ਪੈ.ਗਾਮ-ਏ-ਜਗਤ)

- **ਕਿਹਾ, ਪੰਜਾਬ ਦੇ ਲੋਕ ਗਠਜੋੜ ਸਰਕਾਰ ਦੇ 2007 ਤੋਂ 2017 ਤੱਕ ਦੇ ਕਾਲੇ ਦੌਰ ਨੂੰ ਕਦੇ ਨਹੀਂ ਭੁੱਲਣਗੇ**
- **ਸੱਤਾ ਦੀ ਲਾਲਸਾ ਵਿੱਚ ਮੁੜ ਇਕੱਠੀਆਂ ਹੋਈਆਂ ਪਾਰਟੀਆਂ ਨੂੰ ਪੰਜਾਬੀ ਨਹੀਂ ਕਰਨਗੇ ਸਵੀਕਾਰ : ਵਿੱਤ ਮੰਤਰੀ**



ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ ਅਕਾਲੀ ਦਲ ਅਤੇ ਭਾਜਪਾ ਦੇ ਗਠਜੋੜ ’ਤੇ ਤਿੱਖਾ ਸਿਆਸੀ ਹਮਲਾ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕ 2007 ਤੋਂ 2017 ਤੱਕ ਇਸ ਗਠਜੋੜ ਦੇ ਦਸ ਸਾਲਾਂ ਦੇ ਕਾਲੇ ਦੌਰ ਨੂੰ ਕਦੇ ਨਹੀਂ ਭੁੱਲ ਸਕਦੇ। ਉਨ੍ਹਾਂ ਕਿਹਾ ਕਿ ਸੱਤਾ ਪ੍ਰਾਪਤੀ ਦੀ ਲਾਲਸਾ ਵਿੱਚ ਦੋਵੇਂ ਪਾਰਟੀਆਂ ਮੁੜ ਇਕੱਠੀਆਂ ਤਾਂ ਹੋ ਗਈਆਂ ਹਨ, ਪਰ ਪੰਜਾਬ ਦੇ ਸੂਝਵਾਨ ਲੋਕ ਇਨ੍ਹਾਂ ਦੇ ਪਿਛਲੇ ਕਾਰਨਾਮਿਆਂ ਤੋਂ ਭਲੀ-ਭਾਂਤ ਜਾਣੂ ਹਨ ਅਤੇ ਇਨ੍ਹਾਂ ਨੂੰ ਮੁੜ ਸੱਤਾ ਦੇ ਨੇੜੇ ਨਹੀਂ ਆਉਣ ਦੇਣਗੇ।

ਸੰਗਰੂਰ ਵਿਖੇ ਇਕ ਸਮਾਗਮ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਹਰਪਾਲ ਸਿੰਘ ਚੀਮਾ ਨੇ ਦੋਸ਼ ਲਾਇਆ ਕਿ ਅਕਾਲੀ-ਭਾਜਪਾ ਗਠਜੋੜ ਦੇ ਦਸ ਸਾਲਾਂ ਦੇ ਰਾਜ ਦੌਰਾਨ ਪੰਜਾਬ ਵਿੱਚ ਨਸ਼ਿਆਂ, ਬੇਰੁਜ਼ਗਾਰੀ ਅਤੇ ਗੈਂਗਸਟਰਵਾਦ ਨੇ ਪੈਰ ਪਸਾਰੇ। ਇਸੇ ਸਮੇਂ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਵਰਗੀਆਂ ਅਤਿ ਮੰਦਭਾਗੀਆਂ ਘਟਨਾਵਾਂ ਵੀ ਵਾਪਰੀਆਂ, ਜਿਨ੍ਹਾਂ ਨੇ ਹਰ ਪੰਜਾਬੀ ਦੇ ਹਿਰਦੇ ਨੂੰ ਡੂੰਘੀ ਠੇਸ ਪਹੁੰਚਾਈ।

ਵਿੱਤ ਮੰਤਰੀ ਨੇ ਵਿਅੰਗ ਕਰਦਿਆਂ ਕਿਹਾ, “ਜ਼ੀਰੋ ਜਮ?ਹਾਂ ਜ਼ੀਰੋ ਦਾ ਨਤੀਜਾ ਜ਼ੀਰੋ ਹੀ ਹੁੰਦਾ ਹੈ। ਇਹ ਪਾਰਟੀਆਂ ਜਿੰਨੇ ਮਰਜ਼ੀ ਗਠਜੋੜ ਕਰ ਲੈਣ, ਪੰਜਾਬ ਦੇ ਲੋਕ ਇਨ੍ਹਾਂ ਨੂੰ ਮੁੜ ਸੱਤਾ ਦੇ ਨੇੜੇ ਨਹੀਂ ਆਉਣ ਦੇਣਗੇ।” ਉਨ੍ਹਾਂ ਦਾਅਵਾ ਕੀਤਾ ਕਿ 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਾਂਗ ਆਉਣ ਵਾਲੀਆਂ ਚੋਣਾਂ ਵਿੱਚ ਵੀ ਦੋਵਾਂ ਪਾਰਟੀਆਂ ਦੀਆਂ ਸੀਟਾਂ ਦਾ ਅੰਕੜਾ ਇਕਹਿਰੇ ਅੰਕ ਤੋਂ ਅੱਗੇ ਨਹੀਂ ਵਧੇਗਾ।

ਸੁਨੀਲ ਜਾਖੜ, ਕੈਪਟਨ ਅਮਰਿੰਦਰ ਸਿੰਘ ਅਤੇ ਰਵਨੀਤ ਸਿੰਘ ਬਿੱਟੂ ਵੱਲੋਂ ਪਹਿਲਾਂ ਦਿੱਤੇ ਗਏ ਬਿਆਨਾਂ ਦਾ ਹਵਾਲਾ ਦਿੰਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜਿਹੜੇ ਆਗੂ ਕਦੇ ਇਕ-ਦੂਜੇ ਉੱਪਰ ਗੰਭੀਰ ਦੋਸ਼ ਲਾਉਂਦੇ ਸਨ, ਉਹ ਅੱਜ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਇਕੱਠੇ ਹੋ ਗਏ ਹਨ। ਉਨ੍ਹਾਂ ਕਿਹਾ ਕਿ ਇਸ ਗਠਜੋੜ ਦਾ ਪੰਜਾਬ ਅਤੇ ਪੰਜਾਬੀਆਂ ਦੀ ਭਲਾਈ ਨਾਲ ਕੋਈ ਸਰੋਕਾਰ ਨਹੀਂ, ਸਗੋਂ ਇਸ ਦਾ ਇਕੋ-ਇੱਕ ਮਕਸਦ ਕਿਸੇ ਵੀ ਤਰੀਕੇ ਨਾਲ ਸੱਤਾ ਹਾਸਲ ਕਰਨਾ ਹੈ।

ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਬਿਆਨ ’ਤੇ ਪ੍ਰਤੀਕਿਰਿਆ ਦਿੰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਕਾਂਗਰਸ ਖ਼ੁਦ ਅੰਦਰੂਨੀ ਧੜੇਬੰਦੀ ਅਤੇ ਆਪਸੀ ਖਿੱਚੋਤਾਣ ਵਿੱਚ ਘਿਰੀ ਹੋਈ ਹੈ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂਆਂ ਨੂੰ ਦੂਜੀਆਂ ਪਾਰਟੀਆਂ ਬਾਰੇ ਭਵਿੱਖਬਾਣੀਆਂ ਕਰਨ ਤੋਂ ਪਹਿਲਾਂ ਆਪਣੀ ਪਾਰਟੀ ਦੀ ਸਥਿਤੀ ਵੱਲ ਧਿਆਨ ਦੇਣਾ ਚਾਹੀਦਾ ਹੈ। ਪੰਜਾਬ ਦੇ ਲੋਕ ਰਵਾਇਤੀ ਪਾਰਟੀਆਂ ਦੀ ਮੌਕਾਪ੍ਰਸਤ ਸਿਆਸਤ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਹਨ ਅਤੇ ਹੁਣ ਉਨ੍ਹਾਂ ਦੇ ਭਰਮਾਊ ਪ੍ਰਚਾਰ ਵਿੱਚ ਨਹੀਂ ਆਉਣਗੇ। ਮੋਗਾ ਵਿਖੇ 26 ਨਵੰਬਰ ਨੂੰ ਹੋਣ ਵਾਲੀ ਆਮ ਆਦਮੀ ਪਾਰਟੀ ਦੀ ਮਹਾਂ-ਰੈਲੀ ਦਾ ਜ਼ਿਕਰ ਕਰਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਰੈਲੀ ਨੂੰ ਲੈ ਕੇ ਸਮੁੱਚੇ ਪੰਜਾਬ ਦੇ ਲੋਕਾਂ ਵਿੱਚ ਭਾਰੀ ਉਤਸ਼ਾਹ ਹੈ ਅਤੇ ਸੂਬੇ ਦੇ ਕੋਨੇ-ਕੋਨੇ ਤੋਂ ਲੱਖਾਂ ਲੋਕ ਇਸ ਇਤਿਹਾਸਕ ਇਕੱਠ ਵਿੱਚ ਸ਼ਮੂਲੀਅਤ ਕਰਨਗੇ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਪਰਿਵਾਰਵਾਦ ਅਤੇ ਨਿੱਜੀ ਸਿਆਸੀ ਹਿੱਤਾਂ ਦੀ ਪੂਰਤੀ ਲਈ ਇਕੱਠ ਕਰ ਰਹੀਆਂ ਹਨ, ਜਦੋਂਕਿ ਆਮ ਆਦਮੀ ਪਾਰਟੀ ਪੰਜਾਬ ਸਰਕਾਰ ਵੱਲੋਂ ਲੋਕ ਹਿੱਤ ਵਿੱਚ ਕੀਤੇ ਇਤਿਹਾਸਕ ਕੰਮਾਂ ਦਾ ਜਸ਼ਨ ਪੰਜਾਬ ਵਾਸੀਆਂ ਨਾਲ ਮਿਲ ਕੇ ਮਨਾ ਰਹੀ ਹੈ। ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੋਗਾ ਦੀ ਮਹਾਂ-ਰੈਲੀ ਪੰਜਾਬ ਦੀ ਸਿਆਸਤ ਵਿੱਚ ਨਵਾਂ ਮੀਲ ਪੱਥਰ ਸਾਬਤ ਹੋਵੇਗੀ ਅਤੇ ਇਹ ਸਪੱਸ਼ਟ ਕਰ ਦੇਵੇਗੀ ਕਿ ਪੰਜਾਬ ਦੇ ਲੋਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਨਾਲ ਡਟ ਕੇ ਖੜ੍ਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਆਪਣਾ ਪਿਛਲਾ ਰਿਕਾਰਡ ਵੀ ਤੋੜੇਗੀ ਅਤੇ ਮੁੜ ਪ੍ਰਚੰਡ ਬਹੁਮਤ ਨਾਲ ਸਰਕਾਰ ਬਣਾਏਗੀ। ਆਪਣੀ ਵਿਧਾਨ ਸਭਾ ਸੀਟ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਵਿੱਤ ਮੰਤਰੀ ਨੇ ਕਿਹਾ ਕਿ ਇਸ ਬਾਰੇ ਪਾਰਟੀ ਵੱਲੋਂ ਬਹੁਤ ਜਲਦ ਐਲਾਨ ਕਰ ਦਿੱਤਾ ਜਾਵੇਗਾ।

ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਸੁਨਾਮ ਵਿਖੇ ਭਗਵਾਨ ਵਿਸ਼ਵਕਰਮਾ ਜੀ ਨੂੰ ਸਮਰਪਿਤ ਭਗਵਾਨ ਵਿਸ਼ਵਕਰਮਾ ਚੌਕ ਦਾ ਉਦਘਾਟਨ

ਸੁਨਾਮ, 25 ਨਵੰਬਰ
(ਪੈ.ਗਾਮ-ਏ-ਜਗਤ)

- **ਨਵੇਂ ਡਿਜ਼ਾਈਨ ਨਾਲ ਪੰਜ ਪਾਸਿਆਂ ਤੋਂ ਆਉਣ ਵਾਲੀ ਆਵਾਜਾਈ ਹੋਵੇਗੀ ਸੁਚਾਰੂ; ਚਾਰ ਦਿਸ਼ਾਵਾਂ ਦਾ ਟ੍ਰੈਫਿਕ ਬਿਨਾਂ ਰੁਕੇ ਚੱਲੇਗਾ**



ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸੁਨਾਮ ਊਧਮ ਸਿੰਘ ਵਾਲਾ ਦੇ ਆਈ.ਟੀ.ਆਈ. ਚੌਕ ਵਿਖੇ ਸ਼ਿਲਪਕਾਰੀ ਦੇ ਰਚੇਤਾ ਅਤੇ ਕਿਰਤ ਤੇ ਹੁਨਰ ਦੇ ਪ੍ਰਤੀਕ ਭਗਵਾਨ ਵਿਸ਼ਵਕਰਮਾ ਜੀ ਨੂੰ ਸਮਰਪਿਤ ਨਵੇਂ ਵਿਕਸਤ ਕੀਤੇ ਗਏ ਭਗਵਾਨ ਵਿਸ਼ਵਕਰਮਾ ਚੌਕ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਇਹ ਚੌਕ ਸ਼ਹਿਰ ਵਾਸੀਆਂ ਨੂੰ ਸਮਰਪਿਤ ਕਰਦਿਆਂ ਇਲਾਕਾ ਨਿਵਾਸੀਆਂ ਨੂੰ ਵਧਾਈ ਦਿੱਤੀ।

ਅਮਨ ਅਰੋੜਾ ਨੇ ਕਿਹਾ ਕਿ ਭਗਵਾਨ ਵਿਸ਼ਵਕਰਮਾ ਜੀ ਨੂੰ ਸਮਰਪਿਤ ਇਹ ਚੌਕ ਕਿਰਤ, ਹੁਨਰ ਅਤੇ ਸਿਰਜਣਾਤਮਕਤਾ ਦਾ ਸੁਨੇਹਾ ਦੇਣ ਦੇ ਨਾਲ ਸ਼ਹਿਰ ਦੀ ਸੁੰਦਰਤਾ ਵਿੱਚ ਵੀ ਵਾਧਾ ਕਰੇਗਾ। ਇਸ ਦਾ ਆਧੁਨਿਕ ਡਿਜ਼ਾਈਨ ਆਵਾਜਾਈ ਵਿਵਸਥਾ ਨੂੰ ਸੁਚਾਰੂ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਏਗਾ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਵਿਸ਼ਵਕਰਮਾ ਦਿਵਸ ਮੌਕੇ ਲੋਕਾਂ ਨਾਲ ਕੀਤਾ ਵਾਅਦਾ ਪੂਰਾ ਕਰਦਿਆਂ ਇਹ ਚੌਕ ਤਿਆਰ ਕਰਵਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਆਈ.ਟੀ.ਆਈ. ਦੇ ਨੇੜੇ ਇਸ ਚੌਕ ਦੀ ਸਥਾਪਨਾ ਕਰਨਾ ਵਿਸ਼ੇਸ਼ ਮਹੱਤਵ ਰੱਖਦਾ ਹੈ, ਕਿਉਂਕਿ ਉਦਯੋਗਿਕ ਸਿਖਲਾਈ ਸੰਸਥਾਵਾਂ ਨੌਜਵਾਨਾਂ ਨੂੰ ਤਕਨੀਕੀ ਸਿੱਖਿਆ ਅਤੇ ਕਿੱਤਾਮੁਖੀ ਹੁਨਰ ਪ੍ਰਦਾਨ ਕਰਕੇ ਰੋਜ਼ਗਾਰ ਤੇ ਸਵੈ-ਰੋਜ਼ਗਾਰ ਦੇ ਯੋਗ ਬਣਾਉਂਦੀਆਂ ਹਨ। ਪੰਜਾਬ ਸਰਕਾਰ ਵੱਲੋਂ ਸੁਨਾਮ ਦੀ ਆਈ.ਟੀ.ਆਈ. ਦੇ ਨਵੀਨੀਕਰਨ ਅਤੇ ਸਰਵਪੱਖੀ ਵਿਕਾਸ ਉੱਤੇ ਲਗਭਗ 6 ਤੋਂ 6.5 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਸ ਸੰਸਥਾ ਤੋਂ ਸਿਖਲਾਈ ਪ੍ਰਾਪਤ ਕਰਕੇ ਹਜ਼ਾਰਾਂ ਨੌਜਵਾਨ ਵੱਖ-ਵੱਖ ਖੇਤਰਾਂ ਵਿੱਚ ਆਪਣਾ ਭਵਿੱਖ ਬਣਾ ਰਹੇ ਹਨ।

ਚੌਕ ਦੇ ਵਿਸ਼ੇਸ਼ ਡਿਜ਼ਾਈਨ ਬਾਰੇ ਉਨ੍ਹਾਂ ਦੱਸਿਆ ਕਿ ਇਸ ਦੇ ਇੱਕ ਪਾਸੇ ਭਗਵਾਨ ਵਿਸ਼ਵਕਰਮਾ ਜੀ ਦਾ ਸੁੰਦਰ ਚਿੱਤਰ ਬਣਾਇਆ ਗਿਆ ਹੈ, ਜਦਕਿ ਦੂਜੇ ਪਾਸੇ ਮਿਸਤਰੀਆਂ, ਕਿਰਤੀਆਂ ਅਤੇ ਕਾਮਿਆਂ ਵੱਲੋਂ ਵਰਤੇ ਜਾਂਦੇ ਵੱਖ-ਵੱਖ ਸੰਦਾਂ ਨੂੰ ਦਰਸਾਇਆ ਗਿਆ ਹੈ। ਇਹ ਸੰਦ ਮਿਹਨਤ, ਹੁਨਰ, ਸਿਰਜਣਾ ਅਤੇ ਸਵੈ-ਨਿਰਭਰਤਾ ਦਾ ਪ੍ਰਤੀਕ ਹਨ। ਉਨ੍ਹਾਂ ਕਿਹਾ ਕਿ ਇਹ ਚੌਕ ਨੌਜਵਾਨਾਂ ਨੂੰ ਮਿਹਨਤ ਦਾ ਸਤਿਕਾਰ ਕਰਨ ਅਤੇ ਆਪਣੇ ਹੁਨਰ ਨੂੰ ਨਿਖਾਰਨ ਲਈ ਪ੍ਰੇਰਿਤ ਕਰੇਗਾ। ਉਨ੍ਹਾਂ ਗੁਰੂ ਨਾਨਕ ਦੇਵ ਜੀ ਦੇ ’ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ’ ਦੇ ਸਿਧਾਂਤ ਦਾ ਜ਼ਿਕਰ ਕਰਦਿਆਂ ਇਮਾਨਦਾਰੀ ਨਾਲ ਮਿਹਨਤ ਕਰਨ ਦੀ ਮਹੱਤਤਾ ਵੀ ਸਮਝਾਈ।

ਆਵਾਜਾਈ ਪ੍ਰਬੰਧਾਂ ਸਬੰਧੀ ਉਨ੍ਹਾਂ ਦੱਸਿਆ ਕਿ ਆਈ.ਟੀ.ਆਈ. ਚੌਕ ਸ਼ਹਿਰ ਦੇ ਸਭ ਤੋਂ ਵਿਅਸਤ ਚੌਰਾਹਿਆਂ ਵਿੱਚੋਂ ਇੱਕ ਹੈ, ਜਿੱਥੇ ਪੰਜ ਪਾਸਿਆਂ ਤੋਂ ਵਾਹਨਾਂ ਦੀ ਆਵਾਜਾਈ ਹੁੰਦੀ ਹੈ। ਪਹਿਲਾਂ ਚੌਕ ਦੀ ਬਣਤਰ ਕਾਰਨ ਅਕਸਰ ਟ੍ਰੈਫਿਕ ਜਾਮ ਦੀ ਸਮੱਸਿਆ ਬਣੀ ਰਹਿੰਦੀ ਸੀ। ਹੁਣ ਇਸ ਨੂੰ ਵਿਗਿਆਨਕ ਢੰਗ ਨਾਲ ਮੁੜ ਵਿਕਸਤ ਕੀਤਾ ਗਿਆ ਹੈ, ਜਿਸ ਤਹਿਤ ਪੰਜ ਵਿੱਚੋਂ ਚਾਰ ਪਾਸਿਆਂ ਦਾ ਟ੍ਰੈਫਿਕ ਬਿਨਾਂ ਰੁਕੇ ਚੱਲ ਸਕੇਗਾ। ਕੇਵਲ ਬਠਿੰਡਾ-ਮਾਨਸਾ ਵੱਲੋਂ ਆ ਕੇ ਲਹਿਰਾਗਾਗਾ ਜਾਣ ਵਾਲੇ ਵਾਹਨਾਂ ਨੂੰ ਟ੍ਰੈਫਿਕ ਨਿਯਮਾਂ ਅਨੁਸਾਰ ਰੁਕਣਾ ਪਵੇਗਾ। ਇਸ ਨਾਲ ਲੋਕਾਂ ਨੂੰ ਜਾਮ ਤੋਂ ਰਾਹਤ ਮਿਲੇਗੀ ਅਤੇ ਸਮੇਂ ਦੀ ਬੱਚਤ ਹੋਵੇਗੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸ਼ਹਿਰਾਂ ਦੇ ਯੋਜਨਾਬੱਧ ਵਿਕਾਸ ਅਤੇ ਆਧੁਨਿਕ ਬੁਨਿਆਦੀ ਢਾਂਚੇ ਦੀ ਉਸਾਰੀ ਲਈ ਵਚਨਬੱਧ ਹੈ। ਸੁਨਾਮ ਨੂੰ ਪੰਜਾਬ ਦਾ ਮੋਹਰੀ ਹਲਕਾ ਬਣਾਉਣ ਲਈ ਸਿੱਖਿਆ, ਸਿਹਤ, ਸੜਕਾਂ, ਖੇਡਾਂ, ਸੀਵਰੇਜ, ਪੀਣ ਵਾਲੇ ਪਾਣੀ ਅਤੇ ਸੁੰਦਰੀਕਰਨ ਨਾਲ ਸਬੰਧਤ ਵਿਕਾਸ ਕਾਰਜ ਲਗਾਤਾਰ ਜਾਰੀ ਰਹਿਣਗੇ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਅਹੁਦੇਦਾਰ, ਪਤਵੰਤੇ ਅਤੇ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਸਨ।

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਆਊਟਸੋਰਸ ਮੁਲਾਜ਼ਮਾਂ ਨੂੰ ਕੰਟਰੈਕਟ ਅਧੀਨ ਲਿਆਉਣ ਦੀ ਇਤਿਹਾਸਕ ਪ੍ਰਕਿਰਿਆ ਸ਼ੁਰੂ: ਹਰਪਾਲ ਸਿੰਘ ਚੀਮਾ

ਸੰਗਰੂਰ, 25 ਨਵੰਬਰ
(ਪੈ.ਗਾਮ-ਏ-ਜਗਤ)

- **ਪੀ.ਆਰ.ਟੀ.ਸੀ. ਦੇ ਸੰਗਰੂਰ ਡਿਪੂ ਤੋਂ ਮੁਹਿੰਮ ਦਾ ਆਗਾਜ਼; ਵਿੱਤ ਤੇ ਟਰਾਂਸਪੋਰਟ ਮੰਤਰੀ ਨੇ ਮੁਲਾਜ਼ਮਾਂ ਨੂੰ ਸੌਂਪੇ ਨਿਯੁਕਤੀ ਪੱਤਰ ਤੇ ਦਿੱਤੀ ਵਧਾਈ**



ਪੰਜਾਬ ਦੇ ਵਿੱਤ ਤੇ ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਦੇ ਸੰਗਰੂਰ ਡਿਪੂ ਵਿਖੇ ਕਰਵਾਏ ਵਿਸ਼ੇਸ਼ ਸਮਾਗਮ ਦੌਰਾਨ ਆਊਟਸੋਰਸ ਮੁਲਾਜ਼ਮਾਂ ਨੂੰ ਕੰਟਰੈਕਟ ਅਧੀਨ ਲਿਆਉਣ ਦੀ ਇਤਿਹਾਸਕ ਪ੍ਰਕਿਰਿਆ ਦੀ ਰਸਮੀ ਸ਼ੁਰੂਆਤ ਕੀਤੀ। ਉਨ੍ਹਾਂ

ਅਕਾਲੀ-ਭਾਜਪਾ ਗੱਠਜੋੜ ਨਾਲ ਪੰਜਾਬ ਵਿੱਚ ਇੱਕ ਵਾਰ ਫਿਰ ਖ਼ੁਸ਼ਹਾਲੀ ਦੀ ਆਸ ਬੱਝੀ : ਸੋਹਣਾ ਸਿੰਘ ਠੰਡਲ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

- **6 ਸਾਲਾਂ ਬਾਅਦ ਮੁੜ ਹੋਏ ਇਸ ਗੱਠਜੋੜ ਨਾਲ ਹਰ ਪਾਸੇ ਖ਼ੁਸ਼ੀ ਦਾ ਮਾਹੌਲ : ਸੰਜੀਵ ਕੁਮਾਰ ਪਚਨੰਗਲ**



ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਮੁੜ ਅਕਾਲੀ-ਭਾਜਪਾ ਗੱਠਜੋੜ ਦਾ ਰਸਮੀ ਐਲਾਨ ਕੀਤਾ ਜਾ ਚੁੱਕਾ ਹੈ। ਇਸ ਸਬੰਧੀ ਸਾਬਕਾ ਕੈਬਨਿਟ ਮੰਤਰੀ ਅਤੇ ਸੀਨੀਅਰ ਅਕਾਲੀ ਆਗੂ ਸੋਹਣ ਸਿੰਘ ਠੰਡਲ ਨੇ ਕਿਹਾ ਕਿ ਪੰਜਾਬ ਵਾਸੀਆਂ ਵਿੱਚ ਇੱਕ ਵਾਰ ਫਿਰ ਸੂਬੇ ਵਿੱਚ ਖ਼ੁਸ਼ਹਾਲੀ ਆਉਣ ਦੀ ਆਸ ਬੱਝੀ ਹੈ। ਛੇ ਸਾਲਾਂ ਬਾਅਦ ਮੁੜ ਹੋਏ ਇਸ ਗੱਠਜੋੜ ਨਾਲ ਹਰ ਪਾਸੇ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ।

ਉਨ੍ਹਾਂ ਕਿਹਾ ਕਿ 1997 ਤੋਂ ਅਕਾਲੀ-ਭਾਜਪਾ ਗੱਠਜੋੜ ਦੀਆਂ ਸਰਕਾਰਾਂ ਦੇ ਤਿੰਨ ਕਾਰਜਕਾਲਾਂ ਦੌਰਾਨ ਪੰਜਾਬ ਨੇ ਜਿੰਨੀ ਤਰੱਕੀ ਕੀਤੀ, ਓਨੀ ਨਾ ਤਾਂ ਉਸ ਤੋਂ ਪਹਿਲਾਂ ਅਤੇ ਨਾ ਹੀ ਬਾਅਦ ਵਿੱਚ ਕਦੇ ਹੋਈ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਗੱਠਜੋੜ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਰਹੀ ਕਿ ਵੱਖ-ਵੱਖ ਭਾਈਚਾਰਿਆਂ ਵਿੱਚ ਆਪਸੀ ਪਿਆਰ ਅਤੇ ਭਾਈਚਾਰਕ ਸਾਂਝ ਮਜ਼ਬੂਤ ਹੋਈ। ਇਸ ਨਾਲ ਪੰਜਾਬ ਵਿੱਚ ਅਮਨ-ਸ਼ਾਂਤੀ ਦਾ ਮਾਹੌਲ ਬਣਿਆ ਰਿਹਾ, ਜੋ ਕਿਸੇ ਵੀ ਸੂਬੇ ਦੀ ਤਰੱਕੀ ਲਈ ਬੇਹੱਦ ਜ਼ਰੂਰੀ ਹੁੰਦਾ ਹੈ।

ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਪੰਜਾਬ ਵਾਸੀ ਨੌਜਵਾਨਾਂ ਵਿੱਚ ਵਧ ਰਹੇ ਨਸ਼ਿਆਂ ਅਤੇ ਕਾਨੂੰਨ-ਵਿਵਸਥਾ ਦੀ ਮਾੜੀ ਹਾਲਤ ਕਾਰਨ ਬਹੁਤ ਦੁਖੀ ਹਨ। ਪੰਜਾਬ ਸਿਰ ਕਰਜ਼ੇ ਦਾ ਬੋਝ ਦਿਨੋ-ਦਿਨ ਵਧ ਰਿਹਾ ਹੈ।

ਇੱਥੋਂ ਦੇ ਕਾਰੋਬਾਰ ਅਤੇ ਉਦਯੋਗ ਦੂਜੇ ਸੂਬਿਆਂ ਵੱਲ ਪਲਾਇਨ ਕਰ ਗਏ ਹਨ। ਇਨ੍ਹਾਂ ਹਾਲਾਤਾਂ ਵਿੱਚ ਅਕਾਲੀ-ਭਾਜਪਾ ਗੱਠਜੋੜ ਪੰਜਾਬ ਵਾਸੀਆਂ ਲਈ ਆਸ ਦੀ ਇੱਕੋ-ਇੱਕ ਕਿਰਨ ਹੈ।

ਉਨ੍ਹਾਂ ਕਿਹਾ ਕਿ ਲੋਕਾਂ ਦੇ ਉਤਸ਼ਾਹ ਨੂੰ ਦੇਖਦਿਆਂ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ 2027 ਵਿੱਚ ਮੁੜ ਅਕਾਲੀ-ਭਾਜਪਾ ਗੱਠਜੋੜ ਦੀ ਹੀ ਸਰਕਾਰ ਬਣੇਗੀ।

ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-4 ਦੇ ਸਮਾਪਤੀ ਸਮਾਰੋਹ ਦੀਆਂ ਤਿਆਰੀਆਂ ਨੂੰ ਲੈ ਕੇ ਏ.ਡੀ.ਸੀ. ਨੇ ਕੀਤੀ ਮੀਟਿੰਗ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

- **29 ਨਵੰਬਰ ਨੂੰ ਲਾਜਵੰਤੀ ਸਟੇਡੀਅਮ 'ਚ ਹੋਵੇਗਾ ਸੂਬਾ ਪੱਧਰੀ ਸਮਾਪਤੀ ਸਮਾਰੋਹ**

'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-4 ਦੇ ਸੂਬਾ ਪੱਧਰੀ ਸਮਾਪਤੀ ਸਮਾਰੋਹ ਦੀਆਂ ਤਿਆਰੀਆਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਨਿਰਦੇਸ਼ਾਂ 'ਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਮਰਜੀਤ ਬੈਂਸ ਨੇ ਅੱਜ ਲਾਜਵੰਤੀ ਸਟੇਡੀਅਮ ਵਿਖੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਦੌਰਾਨ ਉਨ੍ਹਾਂ 29 ਨਵੰਬਰ ਨੂੰ ਹੋਣ ਵਾਲੇ ਸਮਾਰੋਹ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ। ਇਸ ਮੌਕੇ ਉਨ੍ਹਾਂ ਕਿਹਾ ਕਿ ਸੂਬਾ ਪੱਧਰੀ ਸਮਾਪਤੀ ਸਮਾਰੋਹ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ। ਇਸ ਤੋਂ ਇਲਾਵਾ ਪ੍ਰਸਿੱਧ ਗਾਇਕ ਮੀਕਾ ਸਿੰਘ ਆਪਣੀ ਗਾਇਕੀ ਦੀ ਪੇਸ਼ਕਾਰੀ ਦੇਣਗੇ। ਉਨ੍ਹਾਂ ਕਿਹਾ ਕਿ ਸਮਾਰੋਹ ਵਿੱਚ ਵੱਡੀ ਗਿਣਤੀ ਵਿੱਚ ਖਿਡਾਰੀਆਂ, ਖੇਡ ਪ੍ਰੇਮੀਆਂ ਅਤੇ ਆਮ ਲੋਕਾਂ ਦੇ ਪਹੁੰਚਣ ਦੀ ਸੰਭਾਵਨਾ ਨੂੰ ਦੇਖਦਿਆਂ ਸਾਰੇ ਲੋੜੀਂਦੇ ਪ੍ਰਬੰਧ ਪਹਿਲਾਂ ਤੋਂ ਹੀ ਯਕੀਨੀ ਬਣਾਏ ਜਾਣ।

ਮੀਟਿੰਗ ਵਿੱਚ ਸੁਰੱਖਿਆ ਪ੍ਰਬੰਧਾਂ, ਆਵਾਜਾਈ ਪ੍ਰਬੰਧਨ, ਪਾਰਕਿੰਗ, ਸਾਫ਼-ਸਫ਼ਾਈ, ਪੀਣ ਵਾਲੇ ਪਾਣੀ, ਬਿਜਲੀ, ਮੈਡੀਕਲ ਟੀਮਾਂ ਦੀ ਤਾਇਨਾਤੀ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਸਮੇਤ ਵੱਖ-ਵੱਖ ਪ੍ਰਬੰਧਾਂ ਦੀ ਵਿਸਥਾਰਪੂਰਵਕ ਸਮੀਖਿਆ ਕੀਤੀ ਗਈ। ਏਡੀਸੀ (ਵਿਕਾਸ) ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਨ੍ਹਾਂ ਨੂੰ ਸੌਂਪੀਆਂ ਗਈਆਂ ਜ਼ਿੰਮੇਵਾਰੀਆਂ ਨੂੰ ਪੂਰੀ ਗੰਭੀਰਤਾ ਨਾਲ ਨਿਭਾਉਂਦੇ ਹੋਏ ਸਾਰੇ ਪ੍ਰਬੰਧ ਨਿਰਧਾਰਤ ਸਮੇਂ ਤੋਂ ਪਹਿਲਾਂ ਮੁਕੰਮਲ ਕੀਤੇ ਜਾਣ।

ਉਨ੍ਹਾਂ ਕਿਹਾ ਕਿ ਸਮਾਰੋਹ ਦੌਰਾਨ ਖਿਡਾਰੀਆਂ, ਦਰਸ਼ਕਾਂ ਅਤੇ ਮਹਿਮਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਨਹੀਂ ਹੋਣੀ ਚਾਹੀਦੀ। ਇਸ ਲਈ ਸਾਰੇ ਵਿਭਾਗ ਆਪਸੀ ਤਾਲਮੇਲ ਨਾਲ ਕੰਮ ਕਰਨ ਅਤੇ ਹਰੇਕ ਪ੍ਰਬੰਧ ਦੀ ਨਿਯਮਤ ਨਿਗਰਾਨੀ ਯਕੀਨੀ ਬਣਾਉਣ।

ਇਸ ਮੌਕੇ ਆਰਟੀਓ ਅਮਨਦੀਪ ਕੌਰ ਘੁੰਮਣ, ਨਗਰ ਨਿਗਮ ਕਮਿਸ਼ਨਰ ਪ੍ਰੀਤਿੰਦਰ ਸਿੰਘ ਬੈਂਸ, ਐਸਪੀ ਨਵਨੀਤ ਕੌਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਕਾਂਗਰਸ ਦੀ ਸਰਕਾਰ ਬਣਨ ਤੇ ਪੰਜਾਬ ਮੁੜ ਵਿਕਾਸ ਦੀਆਂ ਲੀਹਾਂ ਤੇ ਲਿਆਂਦਾ ਜਾਵੇਗਾ

ਪੈ.ਗਾਮ-ਏ-ਜਗਤ
ਬਲਾਚੌਰ 25 ਨਵੰਬਰ
(ਜਤਿੰਦਰ ਪਾਲ ਸਿੰਘ ਕਲੇਰ)

- **ਹਲਕਾ ਬਲਾਚੌਰ ਵਿਖੇ ਕਾਂਗਰਸ ਦੀ ਜਿੱਤ ਪੱਕੀ : ਪ੍ਰਗਟ ਸਿੰਘ ਅਤੇ ਅਜੇ ਮੰਗੂਪੁਰ**



ਪੰਜਾਬ 'ਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸੂਬਾ ਵਾਸੀਆਂ ਦੇ ਸਹਿਯੋਗ ਨਾਲ ਕਾਂਗਰਸ ਪਾਰਟੀ ਦੀ ਸਰਕਾਰ ਬਣਨ ਤੇ ਪੰਜਾਬ ਨੂੰ ਮੁੜ ਵਿਕਾਸ ਅਤੇ ਖੁਸ਼ਹਾਲੀ ਦੀਆਂ ਲੀਹਾਂ ਤੇ ਲਿਆਂਦਾ ਜਾਵੇਗਾ। ਇਨ੍ਹਾਂ ਵਿਚਕਾਰਾ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਵਿਖੇ ਆਪਣੀ ਫੇਰੀ ਦੌਰਾਨ ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਪ੍ਰਗਟ ਸਿੰਘ ਨੇ ਗੱਲਬਾਤ ਦੌਰਾਨ ਕੀਤਾ।

ਇਸ ਮੌਕੇ ਉਨ੍ਹਾਂ ਨਾਲ ਚੌਧਰੀ ਦਰਸ਼ਨ ਲਾਲ ਮੰਗੂਪੁਰ ਸਾਬਕਾ ਵਿਧਾਇਕ, ਕਾਂਗਰਸ ਦੇ ਜਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਅਤੇ ਹਲਕਾ ਬਲਾਚੌਰ ਦੇ ਸਮੂਹ ਅਹੁਦੇਦਾਰ ਵੀ ਮੌਜੂਦ ਸਨ। ਸੂਬਾ ਪ੍ਰਧਾਨ ਪ੍ਰਗਟ ਸਿੰਘ ਨੇ ਅੱਗੇ ਆਖਿਆ ਕਿ ਮੌਜੂਦਾ ਸਰਕਾਰ ਦੀ ਕਾਰਗੁਜਾਰੀ ਤੋਂ ਲੋਕ ਨਿਰਾਸ਼ ਹਨ ਕਿਉਂਕਿ ਇਨਾਂ ਦੀ ਕਹਿਨੀ ਅਤੇ ਕਥਨੀ ਵਿੱਚ ਲੋਕਾਂ ਨੇ ਆਪਣੇ ਅੱਖੀ ਫਰਕ ਵੇਖਿਆ ਅਤੇ ਆਪਣੇ ਪਿੰਡੇ ਸੰਤਾਪ ਹੰਢਾਇਆ ਹੈ । ਹੁਣ ਸੂਬੇ ਦੇ ਲੋਕ ਇੱਕ ਅਜਿਹੀ ਸਰਕਾਰ ਦੀ ਤਾਂਘ ਰੱਖਦੇ ਹਨ ਜੋ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਦਿਆ ਉਨ੍ਹਾਂ ਦੇ ਉਨ੍ਹਾਂ ਦੇ ਹੱਲ ਲਈ ਜਮੀਨੀ ਪੱਧਰ ਤੇ ਕੰਮ ਕਰੇ। ਆਪਣੀ ਗੱਲਬਾਤ ਦੌਰਾਨ ਪ੍ਰਗਟ ਸਿੰਘ ਨੇ ਆਪ ਸਰਕਾਰ ਤੇ ਨਿਸ਼ਾਨਾ ਸਾਧਦਿਆ ਕਿਹਾ ਕਿ ਵਿਕਾਸ ਦੇ ਨਾਮ ਤੇ ਸਿਰਫ ਇਸ਼ਤਿਹਾਰਬਾਜੀ ਕੀਤੀ ਜਾ ਰਹੀ ਹੈ, ਸਕੂਲਾ ਨੂੰ ਸਿਰਫ ਲਿੱਪਾ ਪੋਚੀ ਕੀਤੀ ਜਾ ਰਹੀ ਹੈ ਜਦ ਕਿ ਸਕੂਲ ਅਧਿਆਪਕਾ ਤੋਂ ਸੱਖਣੇ ਹਨ ਅਤੇ ਸਕੂਲੀ ਬੱਚਿਆ ਨੂੰ ਪੜ੍ਹਾਈ ਵਿੱਚ ਅਨੇਕਾ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਇੱਥੇ ਹੀ ਵੱਸ ਨਹੀ ਜਮੀਨੀ ਪੱਧਰ ਤੇ ਹਰ ਵਰਗ ਦੇ ਲੋਕਾਂ ਨੇ ਸੂਬਾ ਸਰਕਾਰ ਦੇ ਕਾਰਜਕਾਲ ਵਿੱਚ ਸਿਰਫ ਤੇ ਸਿਰਫ ਮੁਸ਼ਿਕਲਾਂ ਦਾ ਹੀ ਸਾਹਮਣਾਂ ਕੀਤਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਨੌਜਵਾਨ ਨਸ਼ਿਆ ਦੀ ਲਪੇਟ ਵਿੱਚ ਆ ਰਹੇ ਹਨ, ਕਿਸਾਨਾਂ ਨੂੰ ਮੰਡੀਆਂ ਵਿੱਚ ਮੁਸ਼ਿਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਵਪਾਰੀ ਵਰਗ ਗੈਗਸਟਰਾਂ ਦੀਆਂ ਧਮਕੀਆਂ ਕਾਰਨ ਚਿੰਤਤ ਹੈ। ਉਨ੍ਹਾਂ ਆਖਿਆ ਕਿ ਆਪ ਸਰਕਾਰ ਨੇ ਪੰਜਾਬ ਨੂੰ ਰੰਗਲਾ ਬਣਾਉਣ ਦੀ ਵਜਾਏ ਕਰਜਾਈ ਬਣਾ ਕੇ ਰੱਖ ਦਿੱਤਾ ਹੈ। ਹੁਣ ਕਾਂਗਰਸ ਪਾਰਟੀ ਦੀ ਸਰਕਾਰ ਬਣਨ ਤੇ ਪੰਜਾਬ ਦੀ ਤਰੱਕੀ ਨੂੰ ਨਵੀਂ ਦਿਸ਼ਾ ਦੇਣ, ਨੌਜਵਾਨਾਂ ਦੇ ਸੁਨਹਿਰੀ ਭਵਿੱਖ . ਕਿਸਾਨਾ ਦੀ ਖੁਸ਼ਹਾਲੀ, ਵਪਾਰੀਆਂ ਦੀ ਸੁਰੱਖਿਆ ਅਤੇ ਹਰ ਵਰਗ ਦੀਆਂ ਉਮੀਦਾਂ ਨੂੰ ਪੂਰਾ ਕਰਨ ਲਈ ਠੋਸ ਕਦਮ ਚੁੱਕੇ ਜਾਣਗੇ ਤਾਂ ਜੋ ਪੰਜਾਬ ਨੂੰ ਮੁੜ ਤਰੱਕੀ, ਖੁਸ਼ਹਾਲੀ ਅਤੇ ਵਿਕਾਸ ਦੀਆਂ ਲੀਹਾਂ ਤੇ ਲਿਆਂਦਾ ਜਾ ਸਕੇ। ਅਖੀਰ ਵਿੱਚ ਉਨ੍ਹਾ ਆਖਿਆ ਕਿ ਕਾਂਗਰਸ ਦੇ ਜ਼ਿਲਾ ਪ੍ਰਧਾਨ ਅਜੇ ਮੰਗੂਪੁਰ ਵਲੋਂ ਹਲਕੇ ਅੰਦਰ ਪਿਛਲੇ ਲੰਮੇ ਸਮੇਂ ਤੋਂ ਦਿਨ ਰਾਤ ਲੋਕਾਂ ਦੇ ਮੋਢੇ ਨਾਲ ਮੋਢਾ ਜੋੜਕੇ ਸੇਵਾ ਕੀਤੀ ਹੈ ਅਤੇ ਉਨ੍ਹਾਂ ਦੇ ਹਰ ਸੁੱਖ ਦੁੱਖ ਵਿੱਚ ਨਜ਼ਦੀਕ ਹੋ ਕੇ ਵਿਚਰਦੇ ਆ ਰਹੇ ਹਨ।

ਇੱਥੇ ਹੀ ਵੱਸ ਨਹੀ ਸੂਬੇ ਦੀ ਸਰਕਾਰ ਦੇ ਨੁਮਾਇੰਦਿਆ ਵਲੋਂ ਸਮੇਂ ਸਮੇਂ ਤੇ ਲੋਕਾਂ ਨਾਲ ਜੋ ਵਧੀਕੀਆਂ ਕੀਤੀਆਂ ਗਈਆ ਵਿੱਚ ਅਜੇ ਮੰਗੂਪੁਰ ਵਲੋਂ ਨਿਰਪੱਖ ਤੌਰ ਤੇ ਅਵਾਜ ਬੁਲੰਦ ਕਰਕੇ ਲੋਕਾਂ ਨੂੰ ਇੰਨਸਾਫ ਦਵਾਇਆ ਹੈ। ਉਨ੍ਹਾਂ ਆਖਿਆ ਕਿ ਅਜੇ ਮੰਗੂਪੁਰ ਇਲਾਕੇ ਦੀ ਬੁਲੰਦ ਅਵਾਜ ਹੈ ਅਤੇ ਬਲਾਚੌਰ ਵਿਖੇ ਕਾਂਗਰਸ ਦਾ ਭਵਿੱਖ ਨੌਜਵਾਨਾਂ ਦੇ ਮਜ਼ਬੂਤ ਹੱਥਾਂ ਵਿੱਚ ਸੁਰਖਿੱਅਤ ਹੈ।

ਅੰਤਰਰਾਸ਼ਟਰੀ ਕਾਨਫਰੰਸ ਵਿੱਚ ਪੀ.ਈ.ਸੀ. ਨੇ ਮਾਰੀਆਂ ਮੱਲਾਂ, ਚਾਰ ਬੈਸਟ ਪੇਪਰ ਅਵਾਰਡ ਜਿੱਤੇ

ਚੰਡੀਗੜ੍ਹ, 23 ਨਵੰਬਰ
(ਪੈ.ਗਾਮ-ਏ-ਜਗਤ)



ਪੰਜਾਬ ਇੰਜੀਨੀਅਰਿੰਗ ਕਾਲਜ, ਚੰਡੀਗੜ੍ਹ ਦੇ ਸਿਵਲ ਇੰਜੀਨੀਅਰਿੰਗ ਵਿਭਾਗ ਦੇ ਯੂਜੀ, ਪੀਜੀ ਅਤੇ ਪੀਐਚਡੀ ਵਿਦਿਆਰਥੀਆਂ ਦੀ ਇੱਕ ਟੀਮ ਨੇ ਹਾਲ ਹੀ ਵਿੱਚ ਮਹਾਰਿਸ਼ੀ ਮਾਰਕੰਡੇਸ਼ਵਰ ਯੂਨੀਵਰਸਿਟੀ, ਮੁੱਲਾਣਾ, ਅੰਬਾਲਾ ਵਿਖੇ ਹੋਈ ਇੰਟਰਨੈਸ਼ਨਲ ਕਾਨਫਰੰਸ ਆਨ ਐਡਵਾਂਸਿਜ਼ ਇਨ ਸਿਵਲ ਐਂਡ ਐਨਵਾਇਰਨਮੈਂਟਲ ਇੰਜੀਨੀਅਰਿੰਗ ਵਿੱਚ ਚਾਰ ਬੈਸਟ ਪੇਪਰ ਅਵਾਰਡ ਜਿੱਤੇ ਹਨ।

ਪੀਐਚਡੀ ਸਕਾਲਰ ਵੰਸ਼ਿਕਾ, ਵਿਸ਼ਵਜੀਤ ਅਤੇ ਪਵਨ, ਅਤੇ ਪੀਜੀ ਸਕਾਲਰ ਪੂਜਾ ਨੇ ਆਪੋ-ਆਪਣੇ ਤਕਨੀਕੀ ਸੈਸ਼ਨਾਂ ਵਿੱਚ ਬੈਸਟ ਪੇਪਰ ਅਵਾਰਡ ਜਿੱਤਿਆ, ਜਿਸ ਵਿੱਚ ਐਨ.ਆਈ.ਟੀ., ਆਈ.ਆਈ.ਟੀ. ਅਤੇ ਹੋਰ ਕਈ ਵੱਕਾਰੀ ਸੰਸਥਾਵਾਂ ਦੇ ਖੋਜਕਰਤਾਵਾਂ ਨੇ ਲਗਭਗ 100 ਪੇਪਰ ਪੇਸ਼ ਕੀਤੇ। ਕਾਨਫਰੰਸ ਵਿੱਚ ਪੇਪਰ ਪੇਸ਼ ਕਰਨ ਵਾਲੇ ਹੋਰ ਪੀ.ਈ.ਸੀ. ਵਿਦਿਆਰਥੀਆਂ ਵਿੱਚ ਰਜਤ ਗੌਤਮ, ਉਦੈ ਗਰਗ, ਗੁਨੀਸ਼, ਮਨੀਸ਼ ਕੁਮਾਰ ਅਤੇ ਰਿਤੇਸ਼ ਸ਼ਾਮਲ ਸਨ। ਡਾ. ਹਰ ਅੰਮ੍ਰਿਤ ਸਿੰਘ ਸੰਧੂ (ਫੈਕਲਟੀ, ਪੀ.ਈ.ਸੀ.) ਵੀ ਟੀਮ ਦੇ ਨਾਲ ਗਏ ਸਨ ਕਿਉਂਕਿ ਉਨ੍ਹਾਂ ਨੂੰ ਜਿਓਸਪੇਸ਼ੀਅਲ ਟੈਕਨੋਲੋਜੀਜ਼ 'ਤੇ ਭਾਸ਼ਣ ਦੇਣ ਅਤੇ ਇਸ ਵੱਕਾਰੀ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਸੈਸ਼ਨ ਚੇਅਰ ਵਜੋਂ ਸੱਦਾ ਦਿੱਤਾ ਗਿਆ ਸੀ। ਉਨ੍ਹਾਂ ਦੇ ਭਾਸ਼ਣ ਵਿੱਚ ਸਿਵਲ ਇੰਜੀਨੀਅਰਿੰਗ ਵਿੱਚ ਜਿਓਸਪੇਸ਼ੀਅਲ ਤਕਨਾਲੋਜੀਆਂ ਦੇ ਅਸਲ-ਸੰਸਾਰ ਉਪਯੋਗਾਂ ਨੂੰ ਦਰਸਾਉਂਦਾ ਇੱਕ ਲਾਈਵ ਪ੍ਰੋਜੈਕਟ ਸ਼ਾਮਲ ਸੀ, ਜਿਸ ਦੀ ਡੈਲੀਗੇਟਾਂ ਵੱਲੋਂ ਖੂਬ ਸ਼ਲਾਘਾ ਕੀਤੀ ਗਈ।

ਪੀ.ਈ.ਸੀ. ਵਿਖੇ ਸਿਵਲ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਪ੍ਰੋ. ਐਸ.ਕੇ. ਸਿੰਘ ਨੇ ਅਵਾਰਡ ਜੇਤੂਆਂ ਅਤੇ ਪੂਰੀ ਪੀ.ਈ.ਸੀ. ਟੀਮ ਨੂੰ ਦਿਲੋਂ ਵਧਾਈ ਦਿੰਦਿਆਂ ਕਿਹਾ, "ਇਹ ਪੀ.ਈ.ਸੀ. ਲਈ ਮਾਣ ਦਾ ਪਲ ਹੈ। ਸਾਡੇ ਯੂਜੀ, ਪੀਜੀ ਅਤੇ ਪੀਐਚਡੀ ਵਿਦਿਆਰਥੀਆਂ ਦੀ ਭਾਗੀਦਾਰੀ ਅਤੇ ਉਨ੍ਹਾਂ ਨੂੰ ਮਿਲੀ ਮਾਨਤਾ, ਸਿਵਲ ਇੰਜੀਨੀਅਰਿੰਗ ਵਿਭਾਗ ਵਿੱਚ ਖੋਜ ਦੀ ਤਾਕਤ ਨੂੰ ਦਰਸਾਉਂਦੀ ਹੈ। ਵਿਦਿਆਰਥੀਆਂ ਨੇ ਆਪਣੇ ਸੁਪਰਵਾਈਜ਼ਰਾਂ ਪ੍ਰੋ. ਸ਼ਕਤੀ ਅਰੋੜਾ, ਪ੍ਰੋ. ਪੀ.ਕੇ. ਗੁਪਤਾ, ਡਾ. ਉਤਸਵ, ਪ੍ਰੋ. ਬਲਦੇਵ ਸੇਤੀਆ ਅਤੇ ਡਾ. ਐਚ.ਏ.ਐਸ. ਸੰਧੂ, ਸਿਵਲ ਇੰਜੀਨੀਅਰਿੰਗ ਵਿਭਾਗ ਅਤੇ ਸੰਸਥਾ ਪ੍ਰਬੰਧਨ ਦਾ ਉਨ੍ਹਾਂ ਦੇ ਸਮਰਥਨ ਅਤੇ ਉਤਸ਼ਾਹ ਲਈ ਧੰਨਵਾਦ ਕੀਤਾ।

ਸ਼ਹੀਦ ਦੇਵਿੰਦਰ ਸਿੰਘ ਦੀ ਯਾਦ ਵਿੱਚ ਸ਼ਰਧਾਂਜਲੀ ਸਭਾ ਆਯੋਜਿਤ, ਪਾਰਕ ਵਿੱਚ ਆਦਮਕਦ ਬੁੱਤ ਸਥਾਪਤ ਕਰਨ ਦਾ ਲਿਆ ਸੰਕਲਪ

ਪੈ.ਗਾਮ-ਏ-ਜਗਤ
ਰਤੀਆ, 25 ਨਵੰਬਰ
(ਐਡਵੋਕੇਟ ਗੁਰਪ੍ਰੀਤ ਸਿੰਘ ਮੰਡੇਰ)



ਸ਼ਹੀਦ ਦੇਵਿੰਦਰ ਸਿੰਘ ਯਾਦਗਾਰੀ ਕਲੱਬ ਰਤੀਆ ਵੱਲੋਂ ਬੁੱਧਵਾਰ ਨੂੰ ਸ਼ਹੀਦ ਦੇਵਿੰਦਰ ਸਿੰਘ ਪਾਰਕ ਵਿੱਚ ਸ਼ਹੀਦ ਦੀ ਯਾਦ ਵਿੱਚ ਸ਼ਾਨਦਾਰ ਸ਼ਰਧਾਂਜਲੀ ਸਭਾ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਵਿੱਚ ਸ਼ਹਿਰ ਦੀਆਂ ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਜਥੇਬੰਦੀਆਂ ਦੇ ਨੁਮਾਇੰਦਿਆਂ, ਪ੍ਰਸ਼ਾਸਨਿਕ ਅਧਿਕਾਰੀਆਂ, ਸਿੱਖਿਆ ਸ਼ਾਸਤਰੀਆਂ, ਵਿਦਿਆਰਥੀਆਂ ਅਤੇ ਸ਼ਹੀਦ ਪਰਿਵਾਰ ਦੇ ਮੈਂਬਰਾਂ ਨੇ ਭਾਗ ਲੈ ਕੇ ਸ਼ਹੀਦ ਨੂੰ ਭਾਵਭਿੰਨੀ ਸ਼ਰਧਾਂਜਲੀ ਦਿੱਤੀ। ਇਸ ਦੌਰਾਨ 'ਸ਼ਹੀਦ ਦੇਵਿੰਦਰ ਸਿੰਘ ਅਮਰ ਰਹੇ' ਦੇ ਨਾਅਰਿਆਂ ਨਾਲ ਪੂਰਾ ਪਾਰਕ ਗੂੰਜ ਉੱਠਿਆ।

ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਐਸਡੀਐਮ ਰਤੀਆ ਸੁਰਿੰਦਰ ਸਿੰਘ ਨੇ ਸ਼ਿਰਕਤ ਕੀਤੀ, ਜਦਕਿ ਪ੍ਰਧਾਨਗੀ ਕਲੱਬ ਦੇ ਪ੍ਰਧਾਨ ਅਜੈਬ ਸਿੰਘ ਮੰਡੇਰ ਨੇ ਕੀਤੀ। ਵਿਸ਼ੇਸ਼ ਮਹਿਮਾਨ ਵਜੋਂ ਡਾ. ਸੀ.ਐਲ. ਜੱਸੂ, ਸਾਬਕਾ ਪ੍ਰਿੰਸੀਪਲ ਐਸਡੀਐਸ ਮਹਿਲਾ ਕਾਲਜ ਰਤੀਆ, ਸੈਨਿਕ ਤੇਜਿੰਦਰ ਸਿੰਘ ਹੌਲਦਾਰ (6 ਪੈਰਾ ਸ਼ੂਟ ਰੈਜੀਮੈਂਟ), ਮੁੰਸ਼ੀਵਾਲੀ ਅਤੇ ਸ਼ਹ

ਵੋਟਾਂ ਦੇ ਅਧਿਕਾਰ ਦੀ ਰਾਖੀ ਲਈ ਲੋਕਾਂ ਨੂੰ ਜਾਗਰੂਕ ਕਰੇਗੀ ਕਾਂਗਰਸ, 29 ਨਵੰਬਰ ਨੂੰ ਅੰਮ੍ਰਿਤਸਰ ਵਿਖੇ ਹੋਵੇਗਾ ਸੰਵਿਧਾਨ ਮਾਰਚ : ਅਸ਼ੋਕ ਤੰਵਰ

ਪੈ.ਗਾਮ-ਏ-ਜਗਤ
ਖਰੜ, 25 ਨਵੰਬਰ
(ਦਵਿੰਦਰ ਕੌਰ ਸਹੋਤਾ)

ਕਾਂਗਰਸ ਪਾਰਟੀ ਵੱਲੋਂ ਦੇਸ਼ ਵਿੱਚ ਲੋਕਤੰਤਰ ਅਤੇ ਵੋਟ ਦੇ ਅਧਿਕਾਰ ਦੀ ਰਾਖੀ ਲਈ ਚਲਾਈ ਜਾ ਰਹੀ 'ਵੋਟ ਬਚਾਓ, ਦੇਸ਼ ਬਚਾਓ' ਮੁਹਿੰਮ ਤਹਿਤ ਪੰਜਾਬ ਭਰ ਵਿੱਚ ਵੱਖ-ਵੱਖ ਪ੍ਰੋਗਰਾਮ ਕੀਤੇ ਜਾ ਰਹੇ ਹਨ। ਇਸ ਸਬੰਧੀ ਜ਼ਿਲ੍ਹਾ ਕਾਂਗਰਸ ਕਮੇਟੀ ਦਫ਼ਤਰ ਖਰੜ ਵਿਖੇ ਪਹੁੰਚੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਅਸ਼ੋਕ ਤੰਵਰ ਨੇ ਦੱਸਿਆ ਕਿ 29 ਨਵੰਬਰ ਨੂੰ ਸੰਵਿਧਾਨ ਦਿਵਸ ਮੌਕੇ ਅੰਮ੍ਰਿਤਸਰ ਵਿਖੇ ਵਿਸ਼ਾਲ ਸੰਵਿਧਾਨ ਮਾਰਚ ਕੱਢਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਉਦੇਸ਼ ਲੋਕਾਂ ਨੂੰ ਵੋਟਾਂ ਦੀ ਕਥਿਤ ਚੋਰੀ ਅਤੇ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ (ਐਸ.ਆਈ.ਆਰ.) ਦੇ ਮੁੱਦੇ ਬਾਰੇ



ਜਾਗਰੂਕ ਕਰਨਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਐਸ.ਆਈ.ਆਰ. ਤਹਿਤ ਦੇਸ਼ ਵਿੱਚ ਲਗਭਗ 13.3 ਕਰੋੜ ਵੋਟਾਂ ਕੱਟੀਆਂ ਜਾ ਚੁੱਕੀਆਂ ਹਨ, ਜਿਸ ਕਾਰਨ ਆਮ ਲੋਕਾਂ ਦੇ ਵੋਟ ਪਾਉਣ ਦੇ ਅਧਿਕਾਰ ਨੂੰ ਖਤਰਾ ਪੈਦਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਹਰ ਨਾਗਰਿਕ ਦੀ ਵੋਟ ਸੁਰੱਖਿਅਤ ਰਹਿਣੀ ਜ਼ਰੂਰੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵੋਟ ਦੇ ਅਧਿਕਾਰ ਦੀ ਰਾਖੀ ਲਈ ਕਾਂਗਰਸ ਦੀ ਮੁਹਿੰਮ ਦਾ ਹਿੱਸਾ ਬਣਨ। ਅਕਾਲੀ ਦਲ ਅਤੇ ਭਾਜਪਾ ਦੇ ਮੁੜ ਹੋਏ ਗੱਠਜੋੜ ਬਾਰੇ ਗੱਲ ਕਰਦਿਆਂ ਅਸ਼ੋਕ ਤੰਵਰ ਨੇ ਕਿਹਾ ਕਿ ਜਦੋਂ ਦੋਵਾਂ ਪਾਰਟੀਆਂ ਦਾ ਪਹਿਲਾਂ ਗੱਠਜੋੜ ਟੁੱਟਿਆ ਸੀ ਤਾਂ ਉਸ ਸਮੇਂ ਕਿਸਾਨਾਂ ਦੇ ਅਹਿਮ ਮੁੱਦੇ ਸਨ। ਹੁਣ ਮੁੜ ਗੱਠਜੋੜ ਹੋਣ 'ਤੇ ਇਹ ਸਵਾਲ ਉੱਠਦਾ ਹੈ ਕਿ ਕੀ ਕਿਸਾਨਾਂ ਦੀਆਂ ਉਹ ਮੰਗਾਂ ਪੂਰੀਆਂ ਹੋ ਗਈਆਂ ਹਨ ਅਤੇ ਦਿੱਲੀ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਨੂੰ ਇਨਸਾਫ਼ ਮਿਲ ਗਿਆ ਹੈ? ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਇਸ ਸਿਆਸੀ ਗੱਠਜੋੜ ਬਾਰੇ ਸੋਚ-ਵਿਚਾਰ ਕਰਕੇ ਆਪਣਾ ਫੈਸਲਾ ਲੈਣਾ ਚਾਹੀਦਾ ਹੈ।

ਇਸ ਮੌਕੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਕਮਲ ਕਿਸ਼ੋਰ ਸ਼ਰਮਾ, ਪਰਮਿੰਦਰ ਸਿੰਘ ਸੋਨਾ ਤੋਲੇਮਾਜਰਾ, ਸਾਬਕਾ ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ, ਗੁਰਿੰਦਰ ਸਿੰਘ ਕੈਰੋ, ਗਿਆਨ ਸਿੰਘ ਛੱਤ, ਸਰਬਜੀਤ ਕੌਰ ਸੈਣੀ, ਵਿਸ਼ਾਲ ਕੁਮਾਰ ਸਮੇਤ ਹੋਰ ਕਾਂਗਰਸੀ ਆਗੂ ਅਤੇ ਅਹੁਦੇਦਾਰ ਹਾਜ਼ਰ ਸਨ।

ਦਿਨੇਸ਼ ਸੂਰੀ ਵੱਲੋਂ ਆਮ ਆਦਮੀ ਪਾਰਟੀ ਤੋਂ ਦਿੱਤਾ ਅਸਤੀਫਾ



ਪੈ.ਗਾਮ-ਏ-ਜਗਤ
ਨਵਾਂਸ਼ਹਿਰ 25 ਨਵੰਬਰ (ਜਤਿੰਦਰ ਪਾਲ ਸਿੰਘ ਕਲੇਰ)

ਆਮ ਆਦਮੀ ਪਾਰਟੀ ਦੇ ਜ਼ਿਲ੍ਹਾਂ ਇੰਚਾਰਜ ਨਸ਼ਾ ਮੁਕਤੀ ਮੋਰਚਾ ਅਤੇ ਜ਼ਿਲਾ ਕੁਆਰਡੀਨੇਟਰ ਦਿਨੇਸ਼ ਸੂਰੀ ਵੱਲੋਂ ਆਪਣੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ। ਉਹਨਾਂ ਵੱਲੋਂ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਆਪਣਾ ਅਸਤੀਫਾ ਪੇਸ਼ ਕਰਦੇ ਆਖਿਆ ਕਿ ਉਹਨਾਂ ਵੱਲੋਂ ਆਪਣੇ ਨਿੱਜੀ ਰੁਝੇਵਿਆਂ ਕਰਕੇ ਉਹ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਅਤੇ ਆਪਣੇ ਵੱਖ-ਵੱਖ ਅਹੁਦਿਆਂ ਤੋਂ ਅਸਤੀਫਾ ਦੇ ਰਹੇ ਹਨ। ਵਰਨਣ ਯੋਗ ਹੈ ਕਿ ਦਿਨੇਸ਼ ਸੂਰੀ ਕੁਝ ਸਮਾਂ ਪਹਿਲਾਂ ਹੀ ਮੁੱਖ ਮੰਤਰੀ ਭਗਵੰਤ ਮਾਨ ਦੀ ਹਾਜ਼ਰੀ ਚ ਆਮ ਆਦਮੀ ਪਾਰਟੀ ਚ ਸ਼ਾਮਿਲ ਹੋਏ ਸਨ ਉਹਨਾਂ ਵੱਲੋਂ ਪਾਰਟੀ ਦੇ ਨਸ਼ਿਆ ਮੁਕਤੀ ਮੋਰਚਾ ਦੇ ਜ਼ਿਲ੍ਹਾ ਇੰਚਾਰਜ ਹੁੰਦਿਆਂ ਜਿਹਦੇ ਵਿੱਚ ਕਾਫੀ ਕੰਮ ਕੀਤਾ ਅਤੇ ਉਹਨਾਂ ਵੱਲੋਂ ਹੁਣ ਆਪਣੇ ਨਿੱਜੀ ਕੰਮਾਂ ਤੇ ਰਝੇਵਿਆਂ ਕਾਰਨ ਪਾਰਟੀ ਨੂੰ ਛੱਡਣ ਦਾ ਫੈਸਲਾ ਲਿਆ।

ਵਿਆਹ ਦੀਆਂ ਮੁਬਾਰਕਾਂ



ਗਿਰੀਸ਼ ਨੇਗੀ ਦੇ ਸਪੁੱਤਰ ਅਕਸ਼ੇ ਦਾ ਵਿਆਹ ਰਾਸ਼ੀ ਸਪੁੱਤਰੀ ਸ਼੍ਰੀਮਤੀ ਬਬੀਤਾ, ਸੁਧੀਰ ਸਕਲਾਨੀ ਦੇਹਰਾਦੂਨ ਦੇ ਨਾਲ ਹੋਇਆ। ਫ਼ੋਟੋ 'ਚ ਜਵਾਈ ਗੌਰਵ ਸਿੰਘ ਬੋਰਾ, ਪੁਤਰੀ ਅੰਕਿਤਾ ਨੇਗੀ, ਦੋਹਤੀ ਅਵਿਯੁਕਤਾ, ਛੋਟਾ ਜਵਾਈ ਪ੍ਰਸ਼ਾਂਤ ਉਨਿਆਲ, ਪੁਤਰੀ ਅਕ੍ਰਿਤੀ ਨੇਗੀ ਉਨਿਆਲ ਨੂੰ 'ਪੈ.ਗਾਮ-ਏ-ਜਗਤ' ਦੇ ਸਮੂਹ ਪਰਿਵਾਰ ਵਲੋਂ ਬਹੁਤ-ਬਹੁਤ ਮੁਬਾਰਕਾਂ

ਦੇਵਭੂਮੀ ਫਾਊਂਡੇਸ਼ਨ ਵੱਲੋਂ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਸੰਤੋਖਗੜ੍ਹ ਵਿੱਚ ਬੱਚਿਆਂ ਨੂੰ ਜਰਸੀਆਂ ਅਤੇ ਜੁੱਤੇ ਵੰਡੇ ਗਏ

ਸੰਤੋਖਗੜ੍ਹ/ਊਨਾ, 25 ਨਵੰਬਰ
(ਪੈਗਾਮ-ਏ-ਜਗਤ)

ਇਲਾਕੇ ਦੀ ਸੰਸਥਾ ਦੇਵਭੂਮੀ ਫਾਊਂਡੇਸ਼ਨ ਵੱਲੋਂ ਅੱਜ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਸੰਤੋਖਗੜ੍ਹ ਵਿੱਚ ਲਗਭਗ 100

- **ਇਸ ਦੇ ਨਾਲ ਸਵੈ-ਰੱਖਿਆ ਅਤੇ ਕਰੀਅਰ ਸੈਮੀਨਾਰ ਵੀ ਕਰਵਾਇਆ ਗਿਆ**

ਬੱਚਿਆਂ ਨੂੰ ਸਰਦੀ ਤੋਂ ਬਚਾਉਣ ਲਈ ਸਵੈਟਰ ਅਤੇ ਜੁੱਤੇ ਵੰਡੇ ਗਏ। ਸੰਸਥਾ ਦੇ ਸੰਚਾਲਕ ਪ੍ਰਿੰਸ ਠਾਕੁਰ ਨੇ ਦੱਸਿਆ ਕਿ ਸਕੂਲ ਵਿੱਚ ਕਾਫ਼ੀ ਅਜਿਹੇ ਬੱਚੇ ਸਨ, ਜਿਨ੍ਹਾਂ ਦੇ



ਪਰਿਵਾਰ ਆਰਥਿਕ ਤੌਰ 'ਤੇ ਕਮਜ਼ੋਰ ਹਨ। ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਅਜਿਹੇ ਬੱਚਿਆਂ ਦੀ ਚੋਣ ਕੀਤੀ ਗਈ ਅਤੇ 25 ਨਵੰਬਰ 2026 ਨੂੰ ਸਕੂਲ ਵਿੱਚ ਬੱਚਿਆਂ ਨੂੰ ਸਵੈਟਰ ਅਤੇ ਜੁੱਤੇ ਵੰਡੇ ਗਏ। ਇਸ ਦੇ ਨਾਲ ਹੀ ਦੇਵਭੂਮੀ ਫਾਊਂਡੇਸ਼ਨ ਦੇ ਪ੍ਰਧਾਨ ਨੇ ਬੱਚਿਆਂ ਨੂੰ ਕਰੀਅਰ ਦੇ ਮੌਕਿਆਂ ਅਤੇ ਸਿੱਖਿਆ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਸੰਸਥਾ ਦੇ ਮੈਂਬਰ ਅਭਿਸ਼ੇਕ ਸ਼ਰਮਾ ਨੇ ਬੱਚਿਆਂ ਨੂੰ ਸਵੈ-ਰੱਖਿਆ ਬਾਰੇ ਜਾਣਕਾਰੀ ਦਿੱਤੀ। ਸਕੂਲ ਦੇ ਪ੍ਰਿੰਸੀਪਲ ਰਾਕੇਸ਼ ਮਲਹੋਤਰਾ ਨੇ ਦੇਵਭੂਮੀ ਫਾਊਂਡੇਸ਼ਨ ਵੱਲੋਂ ਕੀਤੇ ਜਾ ਰਹੇ ਸੇਵਾ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਸੰਸਥਾ ਨੂੰ ਸਨਮਾਨਿਤ ਕੀਤਾ। ਦੇਵਭੂਮੀ ਫਾਊਂਡੇਸ਼ਨ ਦੇ ਪ੍ਰਧਾਨ ਪ੍ਰਿੰਸ ਠਾਕੁਰ ਨੇ ਦੱਸਿਆ ਕਿ ਇਹ ਸਾਰੀ ਸੇਵਾ ਦੇਵਭੂਮੀ ਦੇ ਕਈ ਮੈਂਬਰਾਂ ਵੱਲੋਂ ਇਕੱਠੀ ਕੀਤੀ ਗਈ ਆਰਥਿਕ ਸਹਾਇਤਾ ਨਾਲ ਸੰਭਵ ਹੋ ਸਕੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਬੱਚਾ ਪੜ੍ਹਾਈ ਵਿੱਚ ਚੰਗਾ ਹੈ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਹੈ ਤਾਂ ਉਸ ਦੀ ਪੂਰੀ ਮਦਦ ਕੀਤੀ ਜਾਵੇਗੀ। ਇਸ ਪ੍ਰੋਗਰਾਮ ਦੌਰਾਨ ਦੇਵਭੂਮੀ ਫਾਊਂਡੇਸ਼ਨ ਦੀ ਟੀਮ ਵੱਲੋਂ ਪ੍ਰਧਾਨ ਪ੍ਰਿੰਸ ਠਾਕੁਰ ਅਤੇ ਟੀਮ ਦੇ ਮੈਂਬਰ ਅਭਿਸ਼ੇਕ ਸ਼ਰਮਾ, ਸਤਿਅਮ ਲਤ ਅਤੇ ਰਿਤਿਕ ਠਾਕੁਰ ਮੌਜੂਦ ਰਹੇ।

ਜਨਗਣਨਾ 2027 ਦੇ ਦੂਜੇ ਪੜਾਅ ਵਿੱਚ ਖਰੜ ਵਾਸੀ ਵੱਧ-ਚੜ੍ਹ ਕੇ ਕਰਨ ਸਹਿਯੋਗ : ਗੋਲਡੀ

ਪੈ.ਗਾਮ-ਏ-ਜਗਤ
ਖਰੜ (ਦਵਿੰਦਰ ਕੌਰ)

- **30 ਨਵੰਬਰ ਤੱਕ ਘਰ ਬੈਠੇ ਆਨਲਾਈਨ ਸਵੈ-ਗਣਨਾ ਕਰਨ ਦੀ ਕੀਤੀ ਅਪੀਲ, 1 ਦਸੰਬਰ ਤੋਂ ਸ਼ੁਰੂ ਹੋਵੇਗਾ ਘਰ-ਘਰ ਸਰਵੇਖਣ**



ਜਨਗਣਨਾ 2027 ਨੂੰ ਸਫ਼ਲ ਬਣਾਉਣ ਲਈ ਹਲਕਾ ਖਰੜ ਦੇ ਇੰਚਾਰਜ ਅਤੇ ਪੰਜਾਬ ਯੂਥ ਵਿਕਾਸ ਬੋਰਡ ਦੇ ਚੇਅਰਮੈਨ ਸ. ਪਰਮਿੰਦਰ ਸਿੰਘ ਗੋਲਡੀ ਨੇ ਖਰੜ ਸ਼ਹਿਰ ਦੇ ਸਮੂਹ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਜਨਗਣਨਾ ਦੀ ਪ੍ਰਕਿਰਿਆ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਅਤੇ ਇਸ ਮਹੱਤਵਪੂਰਨ ਰਾਸ਼ਟਰੀ ਕਾਰਜ ਵਿੱਚ ਪ੍ਰਸ਼ਾਸਨਿਕ ਟੀਮ ਨੂੰ ਪੂਰਾ ਸਹਿਯੋਗ ਦੇਣ।

ਉਨ੍ਹਾਂ ਦੱਸਿਆ ਕਿ ਜਨਗਣਨਾ 2027 ਤਹਿਤ ਪਹਿਲੇ ਪੜਾਅ ਵਿੱਚ 16 ਨਵੰਬਰ ਤੋਂ 30 ਨਵੰਬਰ 2026 ਤੱਕ ਲੋਕਾਂ ਨੂੰ ਘਰ ਬੈਠੇ ਆਨਲਾਈਨ ਸਵੈ-ਗਣਨਾ ਕਰਨ ਦੀ ਸਹੂਲਤ ਦਿੱਤੀ ਗਈ ਹੈ। ਇਸ ਤੋਂ ਬਾਅਦ 1 ਦਸੰਬਰ 2026 ਤੋਂ 4 ਜਨਵਰੀ 2027 ਤੱਕ , ਜਿਸ ਤਹਿਤ ਗਣਨਾਕਾਰਾਂ ਵੱਲੋਂ ਘਰ-ਘਰ ਜਾ ਕੇ ਲੋਕਾਂ ਤੋਂ ਜਨਗਣਨਾ ਸਬੰਧੀ ਜਾਣਕਾਰੀ ਇਕੱਠੀ ਕੀਤੀ ਜਾਵੇਗੀ। ਉਨ੍ਹਾਂ ਖਰੜ ਵਾਸੀਆਂ ਨੂੰ ਅਪੀਲ ਕੀਤੀ ਕਿ ਇਸ ਦੂਜੇ ਪੜਾਅ ਦੌਰਾਨ ਉਨ੍ਹਾਂ ਦੇ ਘਰ ਪਹੁੰਚਣ ਵਾਲੇ ਗਣਨਾਕਾਰਾਂ ਅਤੇ ਅਧਿਕਾਰੀਆਂ ਨੂੰ ਸਹੀ ਤੇ ਪੂਰੀ ਜਾਣਕਾਰੀ ਦੇ ਕੇ ਪੂਰਾ ਸਹਿਯੋਗ ਦਿੱਤਾ ਜਾਵੇ।

ਆਨਲਾਈਨ ਸਵੈ-ਗਣਨਾ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦਿੰਦਿਆਂ ਗੋਲਡੀ ਨੇ ਦੱਸਿਆ ਕਿ ਲੋਕ ਸਰਕਾਰੀ ਵੈੱਬਸਾਈਟ https://se.census.gov.in/ 'ਤੇ ਜਾ ਕੇ ਘਰ ਬੈਠੇ ਹੀ ਆਪਣੀ ਜਾਣਕਾਰੀ ਦਰਜ ਕਰ ਸਕਦੇ ਹਨ। ਇਸ ਸਹੂਲਤ ਦਾ ਵੱਧ ਤੋਂ ਵੱਧ ਲਾਭ ਉਠਾਉਂਦਿਆਂ ਲੋਕ ਆਪਣੇ ਘਰ ਅਤੇ ਪਰਿਵਾਰ ਨਾਲ ਸਬੰਧਤ ਵੇਰਵੇ ਆਨਲਾਈਨ ਭਰ ਸਕਦੇ ਹਨ। ਉਨ੍ਹਾਂ ਕਿਹਾ ਕਿ ਫਾਰਮ ਸਫ਼ਲਤਾਪੂਰਵਕ ਸਬਮਿਟ ਕਰਨ ਤੋਂ ਬਾਅਦ ਪ੍ਰਾਪਤ ਹੋਣ ਵਾਲੀ Self Enumeration ID (SE ID) ਨੂੰ ਸੰਭਾਲ ਕੇ ਰੱਖਣਾ ਬਹੁਤ ਜ਼ਰੂਰੀ ਹੈ। ਜਦੋਂ 1 ਦਸੰਬਰ ਤੋਂ ਗਣਨਾਕਾਰ ਘਰ ਪਹੁੰਚਣਗੇ ਤਾਂ ਉਨ੍ਹਾਂ ਨੂੰ ਇਹ SE ID ਦਿਖਾਉਣੀ ਹੋਵੇਗੀ।

ਗੋਲਡੀ ਨੇ ਕਿਹਾ ਕਿ ਸਾਲ 2011 ਤੋਂ ਬਾਅਦ ਹੋ ਰਹੀ ਇਹ ਜਨਗਣਨਾ ਦੇਸ਼ ਲਈ ਬੇਹੱਦ ਮਹੱਤਵਪੂਰਨ ਹੈ। ਜਨਗਣਨਾ ਰਾਹੀਂ ਇਕੱਠੇ ਕੀਤੇ ਜਾਣ ਵਾਲੇ ਅੰਕੜੇ ਭਵਿੱਖ ਦੀਆਂ ਸਰਕਾਰੀ ਯੋਜਨਾਵਾਂ, ਲੋਕ ਭਲਾਈ ਦੇ ਕਾਰਜਾਂ ਅਤੇ ਵਿਕਾਸ ਪ੍ਰੋਜੈਕਟਾਂ ਦੀ ਰੂਪ-ਰੇਖਾ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਲਈ ਹਰੇਕ ਨਾਗਰਿਕ ਨੂੰ ਆਪਣਾ ਫਰਜ਼ ਸਮਝਦਿਆਂ ਜਨਗਣਨਾ 2027 ਨੂੰ ਸਫ਼ਲ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

ਅੰਤ ਵਿੱਚ ਉਨ੍ਹਾਂ ਜਨਗਣਨਾ ਦੇ ਕੰਮ ਵਿੱਚ ਜੁਟੇ ਸਮੂਹ ਅਧਿਕਾਰੀਆਂ, ਕਰਮਚਾਰੀਆਂ ਅਤੇ ਅਧਿਆਪਕਾਂ ਦੀ ਮਿਹਨਤ ਅਤੇ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਖਰੜ ਵਾਸੀਆਂ ਨੂੰ ਇਸ ਮੁਹਿੰਮ ਵਿੱਚ ਪੂਰਾ ਸਹਿਯੋਗ ਦੇਣ ਦੀ ਅਪੀਲ ਕੀਤੀ।

ਸਾਹਾਂ ਦੇ ਸਰਕਾਰੀ ਸਕੂਲ ਦੇ ਬੱਚਿਆਂ ਨੇ ਪੰਚਕਰਮ ਅਤੇ ਫਿਜ਼ੀਓਥੈਰੇਪੀ ਸੈਂਟਰ ਦਾ ਕੀਤਾ ਦੌਰਾ

ਪੈ.ਗਾਮ-ਏ-ਜਗਤ/ਅੰਬਾਲਾ
25 ਨਵੰਬਰ (ਆਰ.ਸਿੰਘ)

ਪੀ.ਐਮ. ਸ਼੍ਰੀ ਸੀਨੀਅਰ ਸੈਕੰਡਰੀ ਸਕੂਲ, ਸਾਹਾਂ ਦੇ 9ਵੀਂ, 10ਵੀਂ ਅਤੇ 11ਵੀਂ ਜਮਾਤ ਦੇ ਕਰੀਬ 50 ਵਿਦਿਆਰਥੀਆਂ ਨੇ ਯੋਗਾ ਫੈਡਰੇਸ਼ਨ ਅੰਬਾਲਾ ਵੱਲੋਂ ਅੰਬਾਲਾ ਕੈਂਟ ਵਿੱਚ ਚਲਾਏ ਜਾ ਰਹੇ ਪੰਚਕਰਮ ਅਤੇ ਫਿਜ਼ੀਓਥੈਰੇਪੀ ਸੈਂਟਰ ਦਾ ਦੌਰਾ ਕੀਤਾ। ਦੌਰੇ ਦੌਰਾਨ ਬੱਚਿਆਂ ਨੂੰ ਪੰਚਕਰਮ ਵਿਧੀ ਰਾਹੀਂ ਹੋਣ ਵਾਲੇ ਇਲਾਜ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਮਾਹਿਰਾਂ ਨੇ ਦੱਸਿਆ ਕਿ ਪੰਚਕਰਮ ਰਾਹੀਂ ਸਰੀਰ ਦੀ ਸ਼ੁੱਧੀ ਕਰਕੇ ਵੱਖ-ਵੱਖ ਬਿਮਾਰੀਆਂ ਦਾ ਆਯੁਰਵੈਦਿਕ ਤਰੀਕੇ ਨਾਲ ਇਲਾਜ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਵਿਦਿਆਰਥੀਆਂ ਨੇ ਫਿਜ਼ੀਓਥੈਰੇਪੀ



ਸੈਂਟਰ ਦਾ ਵੀ ਦੌਰਾ ਕੀਤਾ, ਜਿੱਥੇ ਆਧੁਨਿਕ ਮਸ਼ੀਨਾਂ ਰਾਹੀਂ ਕੀਤੇ ਜਾਣ ਵਾਲੇ ਇਲਾਜ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਬੱਚਿਆਂ ਨੇ ਮਸ਼ੀਨਾਂ ਦੇ ਕੰਮ ਅਤੇ ਵਰਤੋਂ ਬਾਰੇ ਉਤਸੁਕਤਾ ਨਾਲ ਸਵਾਲ ਵੀ ਪੁੱਛੇ।

ਇਸ ਦੌਰਾਨ ਬੱਚਿਆਂ ਨੇ ਕੇਂਦਰ ਵਿੱਚ ਆਯੁਸ਼ ਵਿਭਾਗ ਵੱਲੋਂ ਚਲਾਈ ਜਾ ਰਹੀ ਆਯੁਰਵੈਦਿਕ ਡਿਸਪੈਂਸਰੀ ਵਿੱਚ ਡਾਕਟਰਾਂ ਤੋਂ ਆਪਣੀ ਜਾਂਚ ਕਰਵਾਈ ਅਤੇ ਮੁਫ਼ਤ ਦਵਾਈਆਂ ਪ੍ਰਾਪਤ ਕੀਤੀਆਂ। ਇਸ ਮੌਕੇ ਆਏ ਹੋਏ ਬੱਚਿਆਂ ਨੂੰ ਸੰਬੋਧਨ ਕਰਦਿਆਂ ਯੋਗਾ ਫੈਡਰੇਸ਼ਨ ਦੇ ਪ੍ਰਧਾਨ ਸ੍ਰੀ ਰਾਜਿੰਦਰ ਵਿੱਜ ਨੇ ਦੱਸਿਆ ਕਿ ਇਹ ਕੇਂਦਰ ਯੋਗਾ ਫੈਡਰੇਸ਼ਨ ਵੱਲੋਂ ਚਲਾਇਆ ਜਾ ਰਿਹਾ ਹੈ। ਇੱਥੇ ਰੋਜ਼ਾਨਾ ਲਗਭਗ 100 ਦੇ ਕਰੀਬ ਮਰੀਜ਼ ਉਪਲਬਧ ਸਹੂਲਤਾਂ ਦਾ ਲਾਭ ਉਠਾ ਰਹੇ ਹਨ ਅਤੇ ਬਹੁਤ ਹੀ ਵਾਜਬ ਰੇਟਾਂ 'ਤੇ ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਫਿਜ਼ੀਓਥੈਰੇਪੀ ਵਿੱਚ ਲੱਗੀਆਂ ਸਾਰੀਆਂ ਆਧੁਨਿਕ ਮਸ਼ੀਨਾਂ ਹਰਿਆਣਾ ਦੇ ਟਰਾਂਸਪੋਰਟ ਮੰਤਰੀ ਸ੍ਰੀ ਅਨਿਲ ਵਿੱਜ ਵੱਲੋਂ ਪ੍ਰਦਾਨ ਕੀਤੀਆਂ ਗਈਆਂ ਹਨ। ਇਸ ਮੌਕੇ ਯੋਗਾ ਫੈਡਰੇਸ਼ਨ ਵੱਲੋਂ ਆਏ ਹੋਏ ਸਾਰੇ ਬੱਚਿਆਂ ਨੂੰ ਰਿਫਰੈਸ਼ਮੈਂਟ (ਨਾਸ਼ਤਾ) ਵੀ ਦਿੱਤੀ ਗਈ।

ਕਲਾਗ੍ਰਾਮ ਕਰਾਫਟ ਮੇਲੇ ਦੀਆਂ ਪਹਿਲੀਆਂ ਦੋ ਸ਼ਾਮਾਂ ਸੱਜਣਗੀਆਂ ਭਗਤੀ ਦੇ ਸੁਰਾਂ ਨਾਲ

ਪੈ.ਗਾਮ-ਏ-ਜਗਤ/ਚੰਡੀਗੜ੍ਹ
(ਹਰਮਿੰਦਰ ਸਿੰਘ ਨਾਗਪਾਲ)

- **ਆਗਾਜ਼ ਦੀ ਸ਼ਾਮ ਪੂਜਾ ਦੀਦੀ ਬਰਸਾਨੇ ਵਾਲੀ ਅਤੇ ਦੂਜੀ ਲਖਵਿੰਦਰ ਵਡਾਲੀ ਦੇ ਨਾਂ**



ਚੰਡੀਗੜ੍ਹ ਦੇ ਕਲਾਗ੍ਰਾਮ ਕਰਾਫਟ ਮੇਲੇ ਵਿੱਚ ਇਸ ਵਾਰ ਅਧਿਆਤਮਿਕ ਸੰਗੀਤ ਦਾ ਦਿਲ ਨੂੰ ਛੂਹਣ ਵਾਲਾ ਰਸ ਘੁਲੇਗਾ। ਉੱਤਰ ਖੇਤਰ ਸੱਭਿਆਚਾਰਕ ਕੇਂਦਰ ਪਟਿਆਲਾ ਦੇ ਨਿਰਦੇਸ਼ਕ ਡਾ. ਅਸ਼ਵਿਨ ਦਲਵੀ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਉਦਘਾਟਨ ਤੋਂ ਬਾਅਦ ਪਹਿਲੀ ਸ਼ਾਮ ਮਸ਼ਹੂਰ ਭਜਨ ਗਾਇਕਾ ਸਾਧਵੀ ਪੂਰਨਿਮਾ ਜਿਨ੍ਹਾਂ ਨੂੰ ਪੂਜਾ ਦੀਦੀ ਬਰਸਾਨੇ ਵਾਲੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਆਪਣੀ ਮਿੱਠੀ ਆਵਾਜ਼ ਵਿੱਚ ਰਾਧਾ ਕ੍ਰਿਸ਼ਨ ਦੇ ਭਜਨਾਂ ਨਾਲ ਸ਼ਰਧਾਲੂਆਂ ਨੂੰ ਭਾਵ ਵਿਭੋਰ ਕਰਨਗੇ।

ਉਥੇ ਹੀ ਮੇਲੇ ਦੀ ਦੂਜੀ ਸ਼ਾਮ ਸੂਫ਼ੀਆਨਾ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 34ਵਾਂ ਯਾਦਗਾਰੀ ਕੁਸ਼ਤੀ ਦੰਗਲ ਕਰਵਾਇਆ

ਐਸ.ਏ.ਐਸ. ਨਗਰ, 25 ਨਵੰਬਰ (ਪੈ.ਗਾਮ-ਏ-ਜਗਤ)

ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਗੁ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਜੀ 34ਵੇਂ ਯਾਦਗਾਰੀ ਕੁਸ਼ਤੀ ਦੰਗਲ ਦਾ ਆਯੋਜਨ ਕੀਤਾ ਗਿਆ। ਬ੍ਰਹਮਲੀਨ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਦੀ ਪ੍ਰੇਰਨਾ ਸਦਕਾ ਕਰਵਾਏ ਗਏ ਇਸ ਕੁਸ਼ਤੀ ਦੰਗਲ ਵਿੱਚ ਪੰਜਾਬ, ਹਰਿਆਣਾ, ਯੂ.ਪੀ. ਅਤੇ ਦਿੱਲੀ ਦੇ ਅਖਾੜਿਆਂ ਦੇ 400 ਤੋਂ ਵੀ ਵੱਧ ਉੱਘੇ ਨਾਮੀ ਪਹਿਲਵਾਨਾਂ ਨੇ ਹਿਸਾ ਲਿਆ। ਇਸ ਕੁਸ਼ਤੀ ਦੰਗਲ ਵਿੱਚ 122 ਦੇ ਕਰੀਬ ਕੁਸ਼ਤੀਆਂ ਕਰਵਾਈਆਂ ਗਈਆਂ।

ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ ਹਰਜਿੰਦਰ ਸਿੰਘ ਅਤੇ ਸ ਸਤਵਿੰਦਰ ਸਿੰਘ ਸੋਢੀ ਨੇ ਦੱਸਿਆ ਕਿ ਇਸ ਕੁਸ਼ਤੀ ਦੰਗਲ ਵਿੱਚ ਤਿੰਨ ਝੰਡੀ ਦੀਆਂ ਕੁਸ਼ਤੀਆਂ ਕਰਵਾਈਆਂ ਗਈਆਂ, ਜਿਨਾਂ ਵਿੱਚ ਇੱਕ ਨੰਬਰ ਤੇ ਪਹਿਲੀ ਝੰਡੀ ਦੀ ਕੁਸ਼ਤੀ ਸ਼ੇਰਾ ਬਾਬਾ ਫਲਾਈ ਅਤੇ ਭੁਪਿੰਦਰ ਅਜਨਾਲਾ ਵਿਚਕਾਰ ਹੋਈ, ਜਿਸ ਵਿੱਚ ਸ਼ੇਰਾ ਬਾਬਾ ਫਲਾਈ ਨੇ ਕੁੱਝ ਸਮੇਂ ਬਾਅਦ ਹੀ ਭੁਪਿੰਦਰ ਅਜਨਾਲਾ ਨੂੰ ਚਿੱਤ ਕਰਕੇ ਝੰਡੀ ਦੀ ਕੁਸ਼ਤੀ ਜਿੱਤ ਲਈ।

- **ਸ਼ੇਰਾ ਬਾਬਾ ਫਲਾਈ ਨੇ ਭੁਪਿੰਦਰ ਅਜਨਾਲਾ ਨੂੰ ਚਿੱਤ ਕਰਕੇ ਜਿੱਤੀ ਝੰਡੀ ਦੀ ਕੁਸ਼ਤੀ**



ਉਹਨਾਂ ਦੱਸਿਆ ਕਿ ਦੂਜੀ ਝੰਡੀ ਦੀ ਕੁਸ਼ਤੀ ਨਿਸ਼ਾਂਤ ਹਰਿਆਣਾ ਅਤੇ ਹਮੀਦੀ ਈਰਾਨ ਵਿੱਚਕਾਰ ਦਿਲ ਖਿੱਚਵੇਂ ਅੰਦਾਜ ਵਿੱਚ ਚਲਨ ਤੋਂ ਬਾਅਦ ਨਿਸ਼ਾਂਤ ਹਰਿਆਣਾ ਨੇ ਜਿੱਤ ਪ੍ਰਾਪਤ ਕੀਤੀ। ਤੀਜੀ ਝੰਡੀ ਦੀ ਕੁਸ਼ਤੀ ਵਿੱਚ ਰੋਹਿਤ ਲਾਡਪੁਰ ਅਤੇ ਸੁਦਾਮ ਹੁਸ਼ਿਆਰਪੁਰ ਦਰਮਿਆਨ ਜਬਰਦਸਤ ਮੁਕਾਬਲਾ ਹੋਇਆ, ਦੋਨਾਂ ਦਰਮਿਆਨ 20 ਮਿੰਟ ਮੁਕਾਬਲਾ ਚਲਿਆ ਇਸ ਉਪਰੰਤ 5 ਮਿੰਟ ਦਾ ਸਮਾਂ ਪੁਆਇੰਟਾਂ ਦੇ ਆਧਾਰ ਤੇ ਕੁਸ਼ਤੀ ਕਰਵਾਉਣ ਦਾ ਫੈਸਲਾ ਹੋਇਆ ਜਿਸ ਵਿੱਚ ਰੋਹਿਤ ਲਾਡਪੁਰ ਨੇ ਅੰਕ ਬਣਾ ਕੇ ਝੰਡੀ ਦੀ ਕੁਸ਼ਤੀ ਜਿੱਤ ਲਈ। ਉਹਨਾਂ ਦੱਸਿਆ ਕਿ ਕੁਸ਼ਤੀ ਦੰਗਲ ਵਿੱਚ ਕਈ ਦਿਲਚਸਪ ਅਤੇ ਫਸਵੀਆਂ ਕੁਸ਼ਤੀਆਂ ਹੋਈਆਂ, ਜਿਨ੍ਹਾਂ ਵਿੱਚ ਹਿਮਾਂਸ਼ੂ ਡੂਮਛੇੜੀ ਨੇ ਮਨਪ੍ਰੀਤ ਬਿਰੜਵਾਲ ਨੂੰ, ਵਾਸਬ ਬਾਬਾ ਫਲਾਈ ਨੇ ਜੋਬਨ ਪੱਟੀ ਨੂੰ, ਫਰਿਆਦ ਨਵਾ ਪਿੰਡ ਨੇ ਮੁਕੇਸ਼ ਭੋਗਪੁਰ ਨੂੰ, ਪ੍ਰਿੰਸ ਬਾਬਾ ਫਲਾਈ ਨੇ ਮਖੱਣ ਰਾਜਾ ਅਖਾੜਾ ਨੂੰ ਕ੍ਰਮਵਾਰ ਵਿੱਚ ਚਿੱਤ ਕਰਕੇ ਜੇਤੂ ਰਹੇ। ਕੁਸ਼ਤੀ ਦੰਗਲ ਵਿੱਚ ਜੇਤੂ ਪਹਿਲਵਾਨਾਂ ਨੂੰ ਯੋਗਤਾ ਅਨੁਸਾਰ ਰਾਸ਼ੀ ਦਿੱਤੀ ਗਈ। ਉਹਨਾਂ ਦੱਸਿਆ ਕਿ ਕੁਸ਼ਤੀ ਦੰਗਲ ਤੋਂ ਬਿਨਾਂ ਪਹਿਲਵਾਨਾਂ ਨੇ ਆਪਣੇ ਸਰੀਰਕ ਤਾਕਤ ਦੇ ਕਈ ਤਰ੍ਹਾਂ ਦੇ ਕਰਤੱਬ ਵੀ ਵਿਖਾਏ, ਜਿਸ ਵਿੱਚ ਇੱਕ ਪਹਿਲਵਾਨ ਨੇ ਢਾਈ ਕੁਇੰਟਲ ਮਿੱਟੀ ਦੀ ਬੋਰੀ ਨੂੰ ਪਿੱਠ ਤੇ ਚੁੱਕ ਕੇ ਪਿੜ੍ਹ ਦਾ ਗੇੜਾ ਦਿੱਤਾ। ਇਸ ਦੌਰਾਨ ਜਿੱਥੇ ਖਿਡਾਰੀ ਕੁਸ਼ਤੀ ਦੇ ਜੌਹਰ ਵਿਖਾ ਰਹੇ ਸਨ ਉੱਥੇ ਨਾਜਰ ਡਡੋਲੀਖੇੜੀ, ਜੱਸੀ ਰਹੀਯਾਵਾੜ ਅਤੇ ਕੁਲਬੀਰ ਕਾਈਨੌਰ ਨੇ ਦਿਲ ਖਿੱਚਵੀਂ ਕੁਮੈਂਟਰੀ ਦੇ ਨਾਲ ਨਾਲ ਕੁਸ਼ਤੀ ਦੰਗਲ ਦੀ ਪਰੰਪਰਾ ਬਾਰੇ ਦਰਸ਼ਕਾਂ ਨੂੰ ਚਾਨਣਾ ਪਾ ਕੇ ਸਭ ਦਾ ਧਿਆਨ ਆਪਣੇ ਵੱਲ ਖਿੱਚਿਆ। ਇਸ ਮੌਕੇ ਪਹਿਲਵਾਨਾਂ ਦੀ ਹੱਥ ਜੋੜੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬੂਟਾ ਸਿੰਘ, ਪਰਵਿੰਦਰ ਸਿੰਘ ਸੋਹਾਣਾ (ਹਲਕਾ ਇੰਚਾਰਜ ਸ਼ਰੋਮਣੀ ਅਕਾਲੀ ਦਲ), ਰੁਪਿੰਦਰ ਸਿੰਘ ਰੂਪਾ ਸੋਹਾਣਾ, ਹਰਜੀਤ ਸਿੰਘ ਭੋਲੂ (ਕੌਂਸਲਰ), ਗੁਰਦੀਪ ਗੱਗਾ (ਸਾਬਕਾ ਸਰਪੰਚ), ਦਵਿੰਦਰ ਸਿੰਘ ਬੌਬੀ, ਸੁਭਾਸ਼ ਸ਼ਰਮਾ, ਸੁਰਿੰਦਰ ਰੋਡਾ ਨੇ ਕਰਵਾਈ। ਇਸ ਮੌਕੇ ਗਗਨਦੀਪ ਸਿੰਘ ਔਸ ਔਚ ਓ ਅਤੇ ਜਗਦੀਸ਼ ਸਿੰਘ ਭੋਲਾ ਅੰਤਰ ਰਾਸ਼ਟਰੀ ਪਹਿਲਵਾਨ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਕੁਸ਼ਤੀ ਦੰਗਲ ਦੌਰਾਨ ਰੈਫਰੀ ਦੀ ਸੇਵਾ ਲੈਂਬਰ ਪਹਿਲਵਾਨ, ਰਾਜਾ ਪਹਿਲਵਾਨ, ਤਿੱਤਰ ਸੋਹਾਣਾ, ਬਿੱਲਾ ਕਜਹੇੜੀ, ਸੰਤ ਸਿੰਘ ਮਾਮੂਪੁਰ ਨੇ ਬਾਖੂਬੀ ਨਿਭਾਈ। ਇਸ ਕੁਸ਼ਤੀ ਦੰਗਲ ਵਿੱਚ ਇਲਾਕੇ ਦੇ ਪਹਿਲਵਾਨਾਂ ਅਤੇ ਸਾਰੇ ਅਖਾੜਿਆਂ ਦੇ ਕੋਚਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਐਡਵੋਕੇਟ ਗਗਨਦੀਪ ਸਿੰਘ, ਸੁਖਵਿੰਦਰ ਸਿੰਘ ਕਾਲਾ, ਬਿੰਦਾ ਧਨਾਸ, ਤਰਲੋਚਨ ਸਿੰਘ ਮਟੌਰ, ਸਤਵਿੰਦਰ ਸਿੰਘ, ਅਜੈ ਪਾਠਕ, ਹਰਸਿਮਰਨ ਸਿੰਘ ਬੱਲ ਡੀ ਐਸ ਪੀ, ਜਗਤਾਰ ਗੋਲੂ ਚੀਮਾ, ਉਮਰਾਓ ਸਿੰਘ ਮੌਲੀ ਬੈਦਵਾਨ, ਹਰਮਨਜੀਤ ਸਿੰਘ ਨੰਬਰਦਾਰ, ਅਮਰੀਕ ਸਿੰਘ, ਭੁਪਿੰਦਰ ਸਿੰਘ, ਅਮਨ ਪੂਨੀਆ, ਜੋਤੀ ਚਪੜਚਿੱੜੀ, ਬਿੱਲਾ ਬਲਾੜਾ ਪਹਿਲਵਾਨ ਆਦਿ ਤੋਂ ਇਲਾਵਾ ਕਈ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਆਗੂਆਂ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।

ਮੰਨੀਆਂ ਮੰਗਾਂ ਲਾਗੂ ਨਾ ਕਰਨ ਤੇ ਬੋਰਡ ਦਾ ਘਿਰਾਓ ਕਰਨ ਦੀ ਚਿਤਾਵਨੀ

ਐਸ.ਏ.ਐਸ. ਨਗਰ, 25 ਨਵੰਬਰ (ਪੈ.ਗਾਮ-ਏ-ਜਗਤ)

ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਸੂਬਾ ਸਕੱਤਰ ਪਰਮ ਸਿੰਘ ਬੈਦਵਾਨ ਨੇ ਕਿਹਾ ਡੇਲੀਵੇਜ਼ ਕਰਮਚਾਰੀਆਂ ਦੇ ਨਾਲ ਧੱਕਾ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਿਰਪਾਲ ਸਿੰਘ ਸਿਆਓ ਦੇ ਨਾਲ ਪੰਜਾਬ ਸਕੂਲ ਸਿੱਖਿਆ ਬੋਰਡ ਡੇਲੀਵੇਜ ਕਰਮਚਾਰੀ ਯੂਨੀਅਨ ਦੇ ਆਗੂਆਂ ਨਾਲ ਕੀਤੀ ਮੀਟਿੰਗ ਦੌਰਾਨ ਉਹਨਾਂ ਬੋਰਡ ਚੇਅਰਮੈਨ ਨੂੰ ਚੇਤਾਵਨੀ ਦਿੱਤੀ ਕਿ ਕਰਮਚਾਰੀਆਂ ਨਾਲ ਕੀਤੀ ਗਈ ਮੀਟਿੰਗ ਦੌਰਾਨ ਮੰਨੀਆ ਮੰਗਾਂ ਤੁਰੰਤ ਲਾਗੂ ਕੀਤੀਆਂ ਜਾਣ ਨਹੀਂ ਤਾਂ ਡੇਲੀਵੇਜ਼ ਕਰਮਚਾਰੀ ਦੀਆਂ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ ਆਉਣ ਵਾਲੇ ਦਿਨਾਂ ਵਿੱਚ ਬੋਰਡ ਦਫਤਰ ਦਾ ਘਿਰਾਓ ਕੀਤਾ ਜਾਵੇਗਾ ਜਿਸ ਦੀ ਜਿੰਮੇਵਾਰੀ ਬੋਰਡ ਚੇਅਰਮੈਨ ਅਤੇ ਪੰਜਾਬ ਸਰਕਾਰ ਦੀ ਹੋਵੇਗੀ।

ਇਸ ਮੌਕੇ ਬੋਰਡ ਦੀ ਡੇਲੀਵੇਜ ਕਰਮਚਾਰੀ ਯੂਨੀਅਨ ਆਗੂਆਂ ਨੇ ਕਿਸਾਨ ਆਗੂ ਨੂੰ ਦੱਸਿਆ ਕਿ ਬੋਰਡ ਮੈਨੇਜਮੈਂਟ ਨਾਲ 13.10.26 ਨੂੰ ਹੋਈ ਮੀਟਿੰਗ ਵਿੱਚ 5 ਮੰਗਾਂ ਨੂੰ ਲੈਕੇ ਜੋ ਸਹਿਮਤੀ ਬਣੀ ਸੀ ਪਰੰਤੂ ਬੋਰਡ ਮੈਨੇਜਮੈਂਟ ਨੇ ਉਹ ਮੰਗਾਂ ਲਾਗੂ ਕਰਨ ਦੀ ਥਾਂ ਕਰਮਚਾਰੀਆਂ ਨਾਲ ਜਾਣ ਬੁੱਝ ਕੇ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਬੀਤੀ 15 ਅਕਤੂਬਰ ਨੂੰ ਬੋਰਡ ਮੈਨੇਜਮੈਂਟ ਵੱਲੋਂ ਲਗਭਗ 160 ਡੇਲੀਵੇਜ਼ ਕਰਮਚਾਰੀਆਂ ਨੂੰ 7 ਟੀਮਾਂ ਵਿੱਚ ਵੰਡ ਕੇ ਵੱਖ-ਵੱਖ ਸ਼ਾਖਾਵਾਂ ਵਿੱਚ ਪਿਆ ਪੁਰਾਣਾ ਸਮਾਨ ਜਿਵੇ ਕੀ ਅਲਮਾਰੀਆਂ, ਲੱਕੜ, ਟਾਇਰ, ਰੱਦੀ ਅਤੇ ਸਫਾਈ ਕਰਵਾਉਣ ਆਦਿ ਕੰਮਾਂ ਤੇ ਲਗਾਉਣ ਦੇ ਆਦੇਸ਼ ਜਾਰੀ ਕਰ ਦਿੱਤੇ ਗਏ ਹਨ। ਇਹਨਾਂ ਆਦੇਸ਼ਾਂ ਬਜ਼ੁਰਗ ਅਤੇ ਗਰਭਵਤੀ ਮਹਿਲਾਵਾਂ ਨੂੰ ਵੀ ਨਹੀਂ ਬਖਸ਼ਿਆ ਗਿਆ ਹੈ। ਇਸ ਮੌਕੇ ਕਿਸਾਨ ਆਗੂਆਂ ਨੇ ਡੇਲੀਵੇਜ਼ ਕਰਮਚਾਰੀ ਯੂਨੀਅਨ ਦੇ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਹੈ ਕਿ ਯੂਨੀਅਨ ਦੀ ਜ਼ਿਲਾ ਮੁਹਾਲੀ ਦੀ ਸਾਰੀ ਟੀਮ ਉਹਨਾਂ ਨਾਲ ਖੜ੍ਹੀ ਹੈ।

ਪਰਮਿੰਦਰ ਸ਼ਰਮਾ ਨੇ ਲਾਇਨਜ਼ ਕਲੱਬ ਮੁਹਾਲੀ ਸੁਪਰੀਮ ਦੇ ਪ੍ਰਧਾਨ ਵਜੋਂ ਅਹੁਦਾ ਸੰਭਾਲਿਆ

ਐਸ.ਏ.ਐਸ. ਨਗਰ, 25 ਨਵੰਬਰ (ਪੈ.ਗਾਮ-ਏ-ਜਗਤ)



ਪਰਮਿੰਦਰ ਸ਼ਰਮਾ ਨੇ ਲਾਇਨਜ਼ ਕਲੱਬ ਮੁਹਾਲੀ ਸੁਪਰੀਮ ਦੇ ਸਾਲ 2026-27 ਲਈ ਨਵੇਂ ਪ੍ਰਧਾਨ ਵਜੋਂ ਅਹੁਦਾ ਸੰਭਾਲਿਆ। ਇਸ ਸੰਬੰਧੀ ਸੈਕਟਰ-70 ਦੇ ਇੱਕ ਹੋਟਲ ਵਿਖੇ ਕਰਵਾਏ ਗਏ ਇੰਸਟਾਲੇਸ਼ਨ ਸਮਾਰੋਹ ਦੌਰਾਨ ਤਿੰਨ ਕਲੱਬਾਂ ਦੇ ਨਵੇਂ ਅਹੁਦੇਦਾਰਾਂ ਨੂੰ ਵੀ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਇਨ੍ਹਾਂ ਵਿੱਚ ਲਾਇਨਜ਼ ਕਲੱਬ ਮੁਹਾਲੀ ਸੁਪਰੀਮ, ਲਾਇਨਜ਼ ਕਲੱਬ ਮੁਹਾਲੀ ਰੋਅਰਜ਼ ਅਤੇ ਲੀਓ ਕਲੱਬ ਮੁਹਾਲੀ ਸੁਪਰੀਮ ਸ਼ਾਮਲ ਹਨ। ਸਮਾਰੋਹ ਵਿੱਚ ਸ੍ਰੀ ਜਿਲ੍ਹਾ 321-ਐਫ ਦੇ ਪਹਿਲੇ ਜਿਲ੍ਹਾ ਗਵਰਨਰ ਨਰੇਸ਼ ਕੁਮਾਰ ਗੋਇਲ ਮੁੱਖ ਮਹਿਮਾਨ ਅਤੇ ਇੰਸਟਾਲੇਸ਼ਨ ਅਧਿਕਾਰੀ ਵਜੋਂ ਸ਼ਾਮਲ ਹੋਏ। ਸਾਬਕਾ ਜਿਲ੍ਹਾ ਗਵਰਨਰ ਯੋਗੇਸ਼ ਸੋਨੀ ਨੇ ਇੰਡਕਸ਼ਨ ਅਧਿਕਾਰੀ ਦੀ ਭੂਮਿਕਾ ਨਿਭਾਉਂਦਿਆਂ ਰਮੇਸ਼ ਕੁਮਾਰ ਅਤੇ ਅਨੀਤਾ ਰਾਣੀ ਨੂੰ ਲਾਇਨਜ਼ ਪਰਿਵਾਰ ਵਿੱਚ ਸ਼ਾਮਲ ਕੀਤਾ। ਇਸ ਮੌਕੇ ਰੀਜਨ ਚੇਅਰਪਰਸਨ ਅਮਨਦੀਪ ਸਿੰਘ ਗੁਲਾਟੀ, ਜ਼ੋਨ ਚੇਅਰਪਰਸਨ ਨਵੀਨ ਕੁਮਾਰ ਗੁਪਤਾ, ਕੈਬਨਿਟ ਮੈਂਬਰ ਜਗਜੀਤ ਕੌਰ ਕਾਹਲੋਂ, ਸਾਬਕਾ ਪ੍ਰਧਾਨ ਭੁਪਿੰਦਰ ਬੱਬਰ ਅਤੇ ਚਾਰਟਰ ਪ੍ਰਧਾਨ ਤਿਲਕ ਰਾਜ ਸਮੇਤ ਕਈ ਮੈਂਬਰ ਮੌਜੂਦ ਰਹੇ। ਨਵੇਂ ਪ੍ਰਧਾਨ ਪਰਮਿੰਦਰ ਸ਼ਰਮਾ ਨੇ ਕਿਹਾ ਕਿ ਕਲੱਬ ਦੀਆਂ ਸਮਾਜ ਸੇਵੀ ਗਤੀਵਿਧੀਆਂ ਨੂੰ ਮਜ਼ਬੂਤ ਕਰਨਾ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਕਾਰਜਾਂ ਦਾ ਵਿਸਥਾਰ ਕਰਨਾ ਉਨ੍ਹਾਂ ਦੀ ਮੁੱਖ ਤਰਜੀਹ ਰਹੇਗੀ।

ਫੇਜ਼ 9 ਤੋਂ ਫੇਜ਼ 11 ਤੱਕ ਦੀ ਮਾਰਕੀਟ ਦੀ ਪਾਰਕਿੰਗ ਦੀ ਮੁਰੰਮਤ ਦਾ ਕੰਮ ਸ਼ੁਰੂ



ਐਸ.ਏ.ਐਸ. ਨਗਰ, 25 ਨਵੰਬਰ (ਪੈ.ਗਾਮ-ਏ-ਜਗਤ)

ਫੇਜ਼-9 ਤੋਂ ਫੇਜ਼-11 ਨੂੰ ਜਾਂਦੀ ਸੜਕ ਦੇ ਨਾਲ ਲੱਗਦੀ ਮਾਰਕੀਟ ਦੀ ਪਾਰਕਿੰਗ, ਜੋ ਪਿਛਲੇ ਲਗਭਗ ਦੋ ਸਾਲਾਂ ਤੋਂ ਖਸਤਾ ਹਾਲਤ ਵਿੱਚ ਸੀ, ਦੇ ਨਿਰਮਾਣ ਦਾ ਕੰਮ ਸ਼ੁਰੂ ਹੋ ਗਿਆ। ਸੜਕ ਚੌੜੀ ਕਰਨ ਅਤੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਪਾਈਪਾਂ ਪਾਉਣ ਕਾਰਨ ਪਾਰਕਿੰਗ ਵਾਲੀ ਜਗ?ਹਾ ਪੁੱਟੀ ਗਈ ਸੀ, ਜਿਸ ਕਾਰਨ ਦੁਕਾਨਦਾਰਾਂ ਅਤੇ ਆਮ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਨਗਰ ਨਿਗਮ ਦੇ ਕੌਂਸਲਰ ਸ. ਅਮਰਜੀਤ ਸਿੰਘ ਨੇ ਦੱਸਿਆ ਕਿ ਉਹਨਾਂ ਵੱਲੋਂ ਇਹ ਮਾਮਲਾ ਹਲਕਾ ਵਿਧਾਇਕ ਸ. ਕੁਲਵੰਤ ਸਿੰਘ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ। ਇਸ ਤੋਂ ਇਲਾਵਾ ਉਹਨਾਂ ਵਲੋਂ ਇਸ ਮਸਲੇ ਦੇ ਹਲ ਦੀ ਮੰਗ ਨੂੰ ਲੈ ਕੇ ਮੁੱਖ ਇੰਜੀਨੀਅਰ ਅਜੈ ਗਰਗ ਨਾਲ ਵੀ ਮੁਲਾਕਾਤ ਕੀਤੀ ਸੀ। ਉਹਨਾਂ ਕਿਹਾ ਕਿ ਵਿਧਾਇਕ ਸ. ਕੁਲਵੰਤ ਸਿੰਘ ਅਤੇ ਮੁੱਖ ਪ੍ਰਸ਼ਾਸਕ, ਗਮਾਡਾ ਦੇ ਸਹਿਯੋਗ ਨਾਲ ਲਗਭਗ ਦੋ ਕਰੋੜ ਰੁਪਏ ਦੀ ਲਾਗਤ ਨਾਲ ਇਸ ਪਾਰਕਿੰਗ ਦੇ ਨਿਰਮਾਣ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ।

ਉਹਨਾਂ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਲਗਭਗ 15 ਫੁੱਟ ਚੌੜੀ ਜਗ੍ਹਾ ਵਿੱਚ ਪੇਵਰ ਬਲਾਕ ਲਗਾਏ ਜਾਣਗੇ ਅਤੇ ਉਮੀਦ ਹੈ ਕਿ ਇਹ ਕੰਮ ਦੋ ਮਹੀਨਿਆਂ ਵਿੱਚ ਮੁਕੰਮਲ ਹੋ ਜਾਵੇਗਾ। ਪਾਰਕਿੰਗ ਦੇ ਬਾਕੀ ਹਿੱਸੇ ਵਿੱਚ ਬਾਅਦ ਵਿੱਚ ਪ੍ਰੀਮਿਕਸ ਵੀ ਪਵਾਈ ਜਾਵੇਗੀ। ਇਸ ਮੌਕੇ ਉਹਨਾਂ ਦੇ ਨਾਲ ਸਾਬਕਾ ਐਮ.ਸੀ. ਸ. ਸੁਖਵਿੰਦਰ ਸਿੰਘ ਬਰਨਾਲਾ ਅਤੇ ਮਾਰਕੀਟ ਦੇ ਦੁਕਾਨਦਾਰ ਅਰਵਿੰਦਰ ਸਿੰਘ, ਰਣਜੀਤ ਸਿੰਘ, ਗੱਜਣ ਸਿੰਘ, ਕੈਪਟਨ ਕਰਨੈਲ ਸਿੰਘ, ਰਘਬੀਰ ਸਿੰਘ ਸਿੱਧੂ, ਲਾਭ ਸਿੰਘ, ਮਨੀਸ਼, ਪਵਨ, ਅਮਿਤ ਅਤੇ ਹੋਰ ਪਤਵੰਤੇ ਸੱਜਣ ਮੌਜੂਦ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ



ਐਸ.ਏ.ਐਸ. ਨਗਰ, 25 ਨਵੰਬਰ (ਪੈ.ਗਾਮ-ਏ-ਜਗਤ)

ਗੁਰਦੁਆਰਾ ਵੱਡਾ ਬਲਾਕੀ ਪੱਟੀ ਪਿੰਡ ਕੁੰਭੜਾ ਦੀ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ 557ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਵਿੱਚ ਅਰਦਾਸ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਹੇਠ ਆਰੰਭ ਹੋਇਆ।

ਨਗਰ ਕੀਰਤਨ ਵਿੱਚ ਬੈਂਡ ਪਾਰਟੀਆਂ, ਗੱਤਕਾ ਪਾਰਟੀਆਂ, ਸਭਾ ਸੁਸਾਇਟੀਆਂ, ਸ਼ਬਦੀ ਜੱਥੇ, ਗੁਰੂ ਜਸ ਗਾਇਨ ਕਰਦਿਆਂ ਸੰਗਤਾਂ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਈਆਂ। ਗੁਰਦੁਆਰਾ ਸਾਹਿਬ ਤੋਂ ਆਰੰਭ ਹੋਇਆ ਨਗਰ ਕੀਰਤਨ ਕੁੰਭੜਾ ਦੀਆਂ ਵੱਖ-ਵੱਖ ਗਲੀਆਂ-ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਪਹੁੰਚ ਕੇ ਸੰਪੰਨ ਹੋਇਆ। ਨਗਰ ਕੀਰਤਨ ਦੇ ਰਸਤੇ ਵਿੱਚ ਸ਼ਰਧਾਲੂਆਂ ਵੱਲੋਂ ਕਈ ਤਰ੍ਹਾਂ ਦੇ ਲੰਗਰ ਅਟੁੱਟ ਵਰਤਾਏ ਗਏ। ਇਸ ਮੌਕੇ ਸੁਖਵਿੰਦਰ ਸਿੰਘ, ਨਵਜੀਤ ਸਿੰਘ, ਗੁਰਪ੍ਰੀਤ ਸਿੰਘ, ਹਰਨੇਕ ਸਿੰਘ, ਜਗਦੀਸ਼ ਸਿੰਘ, ਦਾਰਾ ਸਿੰਘ ਕਰਨ, ਜੋਤੋ, ਮਨਵੀਰ, ਪੰਮਾ ਅਤੇ ਬੇਅੰਤ ਸੰਗਤਾਂ ਹਾਜ਼ਰ ਸਨ।

ਪੰਜਾਬ ਸਰਕਾਰ ਵੱਲੋਂ ਹਰ ਵਰਗ ਲਈ ਕੀਤਾ ਜਾ ਰਿਹਾ ਹੈ ਲੋਕ ਭਲਾਈ ਸਕੀਮਾਂ ਨੂੰ ਲਾਗੂ : ਕੁਲਵੰਤ ਸਿੰਘ



ਐਸ.ਏ.ਐਸ. ਨਗਰ, 25 ਨਵੰਬਰ (ਪੈ.ਗਾਮ-ਏ-ਜਗਤ)

- **ਫੇਜ਼-6 ਨਾਲ ਸੰਬੰਧਿਤ 27 ਅਲਾਟੀਆਂ ਨੂੰ ਸੌਂਪੇ ਪ੍ਰੋਪਰਟੀ ਕਾਰਡ**

ਹਲਕਾ ਵਿਧਾਇਕ ਸ੍ਰ. ਕੁਲਵੰਤ ਸਿੰਘ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵੱਖ-ਵੱਖ ਵਰਗਾਂ ਦੀਆਂ ਲੋੜਾਂ ਅਤੇ ਜਰੂਰਤਾਂ ਦੇ ਮ